

ਲਿਓ ਤੋਲਸਤੋਇ

# ਬੱਚਿਓ, ਸੁਣੋ, ਕਹਾਣੀ !

# ਬੱਚਿਓ,
# ਸੁਣੋ,
# ਕਹਾਣੀ !

ਲਿਓ ਤੋਲਸਤੋਇ

ਅਨੁਵਾਦ : ਬਲਬੀਰ ਮਾਧੋਪੁਰੀ

# Short Stories for Children

by LEO TOLSTOY

tranlated By : BALBIR MADHOPURI

# ਤਰਤੀਬ


| | | |
|---|---|---|
| | ਨੇਕੀ ਦਾ ਪਾਠ | 11 |
| 1. | ਘੋੜਾ ਤੇ ਘੋੜੀ | 15 |
| | ਲੂੰਬੜੀ ਤੇ ਸਾਰਸ | 16 |
| | ਬਾਂਦਰੀ ਦੇ ਬੱਚੇ | 18 |
| | ਭੇੜੀਆ ਤੇ ਕਾਟੋ | 20 |
| | ਉਕਾਬ, ਕਾਂ ਤੇ ਚਰਵਾਹਾ | 22 |
| | ਦੋ ਕੁੱਕੜ ਤੇ ਉਕਾਬ | 23 |
| | ਦੋ ਰਾਹੀ | 24 |
| | ਚੂਹੀ, ਕੁੱਕੜ ਤੇ ਬਿੱਲਾ | 26 |
| | ਤਿੱਤਰ ਤੇ ਲੂੰਬੜੀ | 28 |
| | ਭੇੜੀਆ ਤੇ ਕੁੱਤਾ | 30 |
| | ਤੂਫ਼ਾਨ 'ਚ ਕਿਸ਼ਤੀ | 32 |
| | ਮੋਟਾ ਹੋ ਜਾਣ ਵਾਲਾ ਚੂਹਾ | 34 |
| | ਚੂਹੀ ਤੇ ਡੱਡ | 35 |
| | ਡੱਡ, ਚੂਹੀ ਤੇ ਬਾਜ਼ | 36 |
| | ਪਿੰਡ ਤੇ ਸ਼ਹਿਰ ਦਾ ਚੂਹਾ | 37 |

| | | |
|---|---|---|
| | ਸਮੁੰਦਰ, ਨਦੀਆਂ ਤੇ ਨਾਲੇ | 38 |
| | ਉਕਾਬ ਤੇ ਲੂੰਬੜੀ | 40 |
| | ਬਿੱਲੀ ਤੇ ਲੂੰਬੜੀ | 42 |
| | ਬਾਂਦਰ ਤੇ ਲੂੰਬੜੀ | 44 |
| | ਬਿੱਲਾ ਤੇ ਘੰਟੀ | 46 |
| | ਸ਼ੇਰ ਤੇ ਖੋਤਾ | 48 |
| | ਭੇੜੀਆ ਤੇ ਲੂੰਬੜੀ | 49 |
| | ਲੂੰਬੜੀ ਤੇ ਭੇੜੀਆ | 50 |
| | ਕਿਸਾਨ ਤੇ ਕਿਸਮਤ | 51 |
| | ਬਾਲੜੀ ਤੇ ਟਿੱਡਾ (ਤੋਤਾ) | 52 |
| | ਸੇਹ ਤੇ ਜ਼ਹਿਰੀਲਾ ਸੱਪ | 53 |
| | ਕਾਂ ਤੇ ਘੜਾ | 54 |
| | ਪੰਛੀ | 55 |
| 2. | ਝੂਠਾ ਲੜਕਾ | 57 |
| | ਕੀੜੀ ਤੇ ਕਬੂਤਰੀ | 58 |
| | ਕਾਂ ਤੇ ਕਬੂਤਰ | 59 |
| | ਕੱਛੂਕੁੰਮਾ ਤੇ ਉਕਾਬ | 60 |
| | ਖੋਤਾ ਤੇ ਘੋੜਾ | 62 |
| | ਸ਼ੇਰ ਤੇ ਚੂਹਾ | 64 |
| | ਕਿਸਾਨ ਔਰਤ ਅਤੇ ਕੁਕੜੀ | 66 |
| | ਮੁਰਗੀ ਤੇ ਸੋਨੇ ਦੇ ਆਂਡੇ | 67 |
| | ਕੁੱਤਾ, ਕੁੱਕੜ ਤੇ ਲੂੰਬੜੀ | 68 |
| | ਗੰਧਮਾਰਜਰ (ਬਿੱਲੀ) | 70 |
| | ਸ਼ੇਰ, ਰਿੱਛ ਤੇ ਲੂੰਬੜੀ | 71 |

| | | |
|---|---|---|
| | ਭੇੜੀਆ ਤੇ ਬੁੱਢੀ | 72 |
| | ਟਿੱਡਾ ਤੇ ਕੀੜੀਆਂ | 74 |
| | ਡੱਡ ਤੇ ਸ਼ੇਰ | 75 |
| 3. | ਭੇੜੀਆ ਤੇ ਸਾਰਸ | 77 |
| | ਨੌਕਰਾਣੀਆਂ ਤੇ ਕੁੱਕੜ | 78 |
| | ਕੁੱਤਾ ਤੇ ਉਸ ਦਾ ਪਰਛਾਵਾਂ | 79 |
| | ਹਿਰਨ ਤੇ ਬਾਰਾਂਸਿੰਗਾ | 80 |
| | ਲੂੰਬੜੀ ਤੇ ਅੰਗੂਰ | 82 |
| | ਮੁਰਗੀ ਤੇ ਅਬਾਬੀਲ | 84 |
| | ਗਧਾ ਤੇ ਸ਼ੇਰ ਦੀ ਖੱਲ | 85 |
| | ਬਾਗ਼ਬਾਨ ਤੇ ਉਹਦੇ ਪੁੱਤਰ | 86 |
| | ਲੂੰਬੜੀ ਤੇ ਬੱਕਰਾ | 87 |
| | ਸਾਰਸ ਤੇ ਬਗਲਾ | 88 |
| | ਮਛੇਰਾ ਤੇ ਮੱਛੀ | 90 |
| | ਖ਼ਰਗੋਸ਼ ਤੇ ਡੱਡੂ | 92 |
| | ਬਾਪ ਤੇ ਬੇਟੇ | 93 |
| | ਲੂੰਬੜੀ | 95 |
| 4. | ਮੱਛਰ ਤੇ ਸ਼ੇਰ | 96 |
| | ਕੁੱਤਾ ਤੇ ਭੇੜੀਆ | 98 |
| | ਜੰਗਲੀ ਅਤੇ ਪਾਲਤੂ ਗਧਾ | 100 |
| | ਘੋੜਾ ਤੇ ਉਸ ਦੇ ਮਾਲਕ | 101 |
| | ਭੇੜੀਆ ਤੇ ਬੱਕਰੀ | 102 |
| | ਬਾਰਾਂਸਿੰਗਾ | 104 |
| | ਬਾਰਾਂਸਿੰਗਾ ਅਤੇ ਅੰਗੂਰਾਂ ਦਾ ਬਗੀਚਾ | 106 |

| | | |
|---|---|---|
| | ਬੁੱਢਾ ਤੇ ਮੌਤ | 107 |
| | ਸ਼ੇਰ ਤੇ ਲੂੰਬੜੀ | 108 |
| | ਬਿੱਲਾ ਤੇ ਚੂਹੇ | 109 |
| 5. | ਕਾਂ ਅਤੇ ਲੂੰਬੜੀ | 111 |
| | ਦੋ ਦੋਸਤ | 112 |
| | ਕਿਸਾਨ ਅਤੇ ਜਲ-ਪ੍ਰੇਤ | 114 |
| | ਭੇੜੀਆ ਤੇ ਮੇਮਣਾ | 116 |
| | ਸ਼ੇਰ, ਭੇੜੀਆ ਅਤੇ ਲੂੰਬੜੀ | 118 |
| | ਸ਼ੇਰ, ਗਧਾ ਅਤੇ ਲੂੰਬੜੀ | 120 |
| | ਸਰਕੰਡਾ ਤੇ ਜੈਤੂਨ ਦਾ ਰੁੱਖ | 121 |
| 6. | ਬਿੱਲੀ ਅਤੇ ਭੇਡੂ | 123 |
| | ਖ਼ਰਗੋਸ਼ | 124 |
| | ਖ਼ਰਗੋਸ਼ ਅਤੇ ਕਛੂਆ | 125 |
| | ਬਟੇਰੀ ਤੇ ਉਸ ਦੇ ਬੱਚੇ | 126 |
| | ਮੋਰ | 128 |
| | ਰਿੱਛ ਤੇ ਮਧੂ ਮੱਖੀਆਂ | 130 |
| | ਮਧੂ ਮੱਖੀਆਂ ਤੇ ਨਰ-ਮਧੂਮੱਖੀਆਂ | 131 |
| | ਮੋਰ ਤੇ ਸਾਰਸ | 132 |
| | ਬਟੇਰਾ ਤੇ ਸ਼ਿਕਾਰੀ | 133 |
| | ਚਿੜੀ | 134 |
| | ਬਾਜ਼ ਤੇ ਕਬੂਤਰ | 135 |
| | ਮਾਲਕ ਤੇ ਨੌਕਰ | 136 |
| | ਹਾਂਡੀ ਤੇ ਕੜਾਹੀ | 138 |
| | ਚਮਗਿੱਦੜ | 139 |

ਕੰਜੂਸ 140
ਆਦਮੀ ਤੇ ਕੁੱਤਾ 142
ਕੁੱਤਾ ਤੇ ਡੰਡਾ 143
ਚਰਵਾਹਾ 144
ਸੁੱਕੇ ਘਾਹ ਉਤੇ ਕੁੱਤਾ 146
ਭੇੜੀਆ ਤੇ ਹੱਡੀ 147
ਕੁੱਤਾ ਤੇ ਚੋਰ 148
ਭੇੜੀਆ ਤੇ ਘੋੜੀ 150
ਲੂੰਬੜੀ ਤੇ ਭੇੜੀਆ 152
ਹਿਰਨ ਤੇ ਘੋੜਾ 153
ਦੋ ਡੱਡੂ 154
ਮਾਦਾ-ਭੇੜੀਆ ਤੇ ਸੂਰ 155
ਸਾਨ੍ਹ ਤੇ ਡੱਡ 156
ਜ਼ਾਰ ਲਈ ਪ੍ਰਾਰਥਨਾ ਕਰਨ ਵਾਲੇ ਡੱਡੂ 157
ਦੁਕਾਨਦਾਰ ਤੇ ਚੋਰ 158
ਸੂਰਜ ਤੇ ਹਵਾ 159

# ਨੇਕੀ ਦਾ ਪਾਠ

ਮਹਾਨ ਰੂਸੀ ਲੇਖਕ ਲਿਓ ਨਿਕੋਲਾਇਵਿਚ ਤੋਲਸਤੋਇ ਦਾ ਇਕ ਪੇਂਡੂ ਇਲਾਕੇ—ਯਾਸਨਾਯਾ ਪੋਲਯਾਨਾ—ਵਿਚ ਜਨਮ ਹੋਇਆ, ਉਹ ਉਥੇ ਹੀ ਵੱਡੇ ਹੋਏ, ਉਨ੍ਹਾਂ ਦੀ ਉਮਰ ਦਾ ਬਹੁਤਾ ਹਿੱਸਾ ਉਥੇ ਹੀ ਬੀਤਿਆ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਯਾਸਨਾਯਾ ਪੋਲਯਾਨਾ ਦੇ ਕਿਸਾਨ-ਬਾਲਕਾਂ ਲਈ ਕਈ ਕਿੱਸੇ-ਕਹਾਣੀਆਂ ਲਿਖੇ।

ਤੋਲਸਤੋਇ ਨੇ ਬੱਚਿਆਂ ਲਈ ਲਿਖੇ ਗਏ ਆਪਣੇ ਇਨ੍ਹਾਂ ਕਿੱਸੇ-ਕਹਾਣੀਆਂ ਨੂੰ 'ਕਕਹਰਾ' ਅਤੇ ਰੂਸੀ ਪਾਠਮਾਲਾ ਦੇ ਨਾਵਾਂ ਨਾਲ ਪ੍ਰਕਾਸ਼ਿਤ ਕੀਤਾ। ਇਨ੍ਹਾਂ ਪੁਸਤਕਾਂ ਤੋਂ ਬੇਸ਼ੁਮਾਰ ਬੱਚਿਆਂ ਨੇ ਪੜ੍ਹਨਾ-ਲਿਖਣਾ ਸਿੱਖਿਆ। ਤੋਲਸਤੋਇ ਨੇ ਇਨ੍ਹਾਂ ਵਿਚ ਪੁਰਾਤਨ ਸਾਹਿਤ ਤੇ ਵੱਖ-ਵੱਖ ਰਾਸ਼ਟਰਾਂ ਦੇ ਜੀਵਨ ਦੀਆਂ ਅਨੇਕ ਕਹਾਣੀਆਂ, ਦੰਦ-ਕਥਾਵਾਂ ਨੂੰ ਸ਼ਾਮਿਲ ਕੀਤਾ। ਪੁਰਾਤਨ ਮਨੀਸ਼ੀ ਈਸਪ ਦੀਆਂ ਸਿੱਧੀਆਂ-ਸਾਦੀਆਂ ਤੇ ਛੋਟੀਆਂ-ਛੋਟੀਆਂ ਗਲਪਾਂ ਤਾਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਪਸੰਦ ਸਨ।

ਈਸਪ ਗਲਪਾਂ ਦੇ ਅਨੁਵਾਦਾਂ ਨੂੰ ਤੋਲਸਤੋਇ ਨੇ ਕਦੀ ਕਿਸੇ ਕਹਾਵਤ ('ਤੂਫ਼ਾਨ ਵਿਚ ਕਿਸ਼ਤੀ'), ਤੇ ਕਦੀ ਲੋਕ-ਕਥਾ 'ਤਿੱਤਰ ਤੇ ਲੂੰਬੜੀ') ਤੇ ਕਦੀ ਸਾਧਾਰਣ ਜੀਵਨ ਦੀ ਘਟਨਾ ('ਦੋ ਦੋਸਤ') ਦੇ ਰੂਪ ਵਿਚ ਪੇਸ਼ ਕੀਤਾ। ਉਨ੍ਹਾਂ ਨੇ ਕਹਾਣੀਆਂ ਦੇ ਕਥਾਨਕਾਂ ਨੂੰ ਅਜਿਹਾ ਰੂਸੀ ਰੰਗ ਦਿੱਤਾ ਕਿ ਉਹ ਰੂਸੀ ਕਹਾਣੀਆਂ, ਲਿਓ ਤੋਲਸਤੋਇ ਦੀਆਂ ਮੌਲਿਕ ਰਚਨਾਵਾਂ ਲਗਦੀਆਂ ਹਨ।

ਪੁਰਾਤਨ ਗਲਪਾਂ ਆਮ ਤੌਰ 'ਤੇ ਕਿਸੇ ਨਤੀਜੇ ਜਾਂ ਨਸੀਹਤ ਨਾਲ ਸਮਾਪਤ ਹੁੰਦੀਆਂ ਸਨ। ਤੋਲਸਤੋਇ ਨੇ ਇਸ ਤਰ੍ਹਾਂ ਦੇ ਅੰਤ ਦੀ ਉਲੰਘਣਾ ਕਰਦਿਆਂ ਅਤੇ ਇਹ ਮੰਨਦਿਆਂ ਹੋਇਆਂ ਕਿ ਬੱਚੇ ਖ਼ੁਦ ਹੀ ਇਨ੍ਹਾਂ ਕਿੱਸੇ-ਕਹਾਣੀਆਂ ਦਾ ਸਾਰ, ਉਨ੍ਹਾਂ ਦੀ ਸਿੱਖਿਆ ਨੂੰ ਸਮਝ ਜਾਣਗੇ, ਸਿਰਫ਼ ਪਾਤਰਾਂ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਹੀ ਸੁਰੱਖਿਅਤ ਰੱਖਿਆ ਹੈ।



ਈਸਪ ਦੀਆਂ ਕਹਾਣੀਆਂ ਦਾ ਢੁਕਵਾਂ ਤੇ ਪ੍ਰਮਾਣਿਕ ਅਨੁਵਾਦ ਕਰਨ ਲਈ ਤੋਲਸਤੋਇ ਨੇ ਪ੍ਰਾਚੀਨ ਯੂਨਾਨੀ ਭਾਸ਼ਾ ਸਿੱਖੀ, ਅਨੇਕ ਪੁਸਤਕਾਂ ਪੜ੍ਹੀਆਂ। ਈਸਪ ਬਾਰੇ ਬਹੁਤ ਸਾਰੀਆਂ ਦੰਦ-ਕਥਾਵਾਂ ਪ੍ਰਚੱਲਿਤ ਹਨ। ਕੁਝ ਲੋਕ ਉਸ ਨੂੰ ਬੜਾ ਸੁਖੀ ਵਿਅਕਤੀ ਮੰਨਦੇ ਹਨ, ਕਿਉਂਕਿ ਉਹ ਤਾਂ ਜਿਵੇਂ ਜਾਨਵਰਾਂ ਦੀ ਬੋਲੀ, ਕੁਦਰਤ ਦੀ ਭਾਸ਼ਾ ਵੀ ਸਮਝਦਾ ਸੀ। ਦੂਸਰੇ ਉਸ ਨੂੰ ਦੁਖੀ ਆਦਮੀ ਸਮਝਦੇ ਹਨ, ਕਿਉਂਕਿ ਉਹ ਕਸਾਨਫ਼ ਨਾਮ ਦੇ ਧਨੀ ਦਾ ਦਾਸ ਸੀ। ਪਰ ਮੁੱਖ ਗੱਲ ਇਹ ਹੈ ਕਿ ਈਸਪ ਇਕ ਬੁੱਧੀਮਾਨ ਤੇ ਦਿਆਲੂ ਦਾਰਸ਼ਨਿਕ ਸੀ। ਉਹ ਲੋਕਾਂ ਨੂੰ ਆਪਣੇ ਪਾਤਰਾਂ ਦੇ ਕੰਮਾਂ-ਕਾਜਾਂ ਉਤੇ ਖ਼ੂਬ ਹੱਸਣ ਨੂੰ ਮਜਬੂਰ ਕਰਦਾ ਸੀ। ਉਹ ਜਿੰਨਾ ਜ਼ਿਆਦਾ ਹੱਸਦੇ ਸੀ, ਓਨਾ ਹੀ ਵਧੇਰੇ ਬੁੱਧੀਮਾਨ ਹੋ ਜਾਂਦੇ ਸਨ।

ਲਿਓ ਤੋਲਸਤੋਇ ਦੇ ਪਾਤਰ ਵੱਖਰੇ ਹਨ। ਇਨ੍ਹਾਂ ਵਿਚ ਲੋਕ ਅਤੇ ਦੇਵੀ-ਦੇਵਤੇ ਤੇ ਪਸ਼ੂ-ਪੰਛੀ ਵੀ ਹਨ। ਪਰ ਉਹ ਕੋਈ ਵੀ ਕਿਉਂ ਨਾ ਹੋਵੇ, ਲੇਖਕ ਸਭ ਤੋਂ ਪਹਿਲਾਂ ਬੱਚਿਆਂ ਨੂੰ ਹੀ ਸੰਬੋਧਿਤ ਕਰਦੇ ਹਨ। ਸ਼ਾਇਦ ਇਸ ਲਈ ਕਦੀ-ਕਦੀ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਪਾਤਰ ਨਕਾਬਪੋਸ਼ ਬਾਲਕ ਹੀ ਹਨ। ਕਦੇ-ਕਦੇ ਨਕਾਬਾਂ ਦੇ ਜ਼ਰਾ ਹਟ ਜਾਣ 'ਤੇ ਅਚਾਨਕ ਬੱਚਿਆਂ ਦੀ ਚੰਚਲ ਤੇ ਬੁੱਧੀ-ਮੱਤ ਭਰੀਆਂ ਅੱਖਾਂ ਚਮਕ ਪੈਂਦੀਆਂ ਹਨ। ਚਿੱਤਰਕਾਰ ਰੋਮਾਦਿਨ ਨੇ ਕਿੱਸੇ-ਕਹਾਣੀਆਂ ਦੀ ਇਸ ਵਿਸ਼ੇਸ਼ਤਾ ਨੂੰ ਆਪਣੇ ਚਿੱਤਰਾਂ ਵਿਚ ਵੀ ਸੁਰੱਖਿਅਤ ਰੱਖਣ ਦਾ ਜਤਨ ਕੀਤਾ ਹੈ।

— **ਐਦੁਆਈ ਬਾਬਾਯੇਵ** 



# ਘੋੜਾ ਤੇ ਘੋੜੀ

ਇਕ ਘੋੜੀ ਦਿਨ-ਰਾਤ ਖੇਤ ਵਿਚ ਚਰਦੀ ਰਹਿੰਦੀ, ਹਲ ਵਾਹੁਣ ਲਈ ਜੋੜੀ ਨਹੀਂ ਜਾਂਦੀ ਸੀ, ਜਦਕਿ ਘੋੜਾ ਦਿਨ ਵੇਲੇ ਹਲ ਅੱਗੇ ਜੁਤਿਆ ਰਹਿੰਦਾ ਤੇ ਰਾਤ ਨੂੰ ਚਰਦਾ। ਘੋੜੀ ਨੇ ਉਸ ਨੂੰ ਕਿਹਾ :

"ਕਾਹਦੇ ਵਾਸਤੇ ਜੁੜੇ ਰਹਿੰਦੇ ਹੋ ? ਤੁਹਾਡੀ ਥਾਂ ਮੈਂ ਹੁੰਦੀ ਤਾਂ ਕਦੀ ਅਜਿਹਾ ਨਾ ਕਰਦੀ। ਮਾਲਕ ਮੇਰੇ ਛੈਂਟੇ ਵਰ੍ਹਾਉਂਦਾ, ਮੈਂ ਉਸ ਨੂੰ ਦੁਲੱਤੀ ਮਾਰਦੀ।"

ਅਗਲੇ ਦਿਨ ਘੋੜੇ ਨੇ ਅਜਿਹਾ ਹੀ ਕੀਤਾ। ਕਿਸਾਨ ਨੇ ਦੇਖਿਆ ਕਿ ਘੋੜਾ ਅੜੀਅਲ ਹੋ ਗਿਆ ਹੈ, ਇਸ ਲਈ ਉਸ ਨੇ ਘੋੜੀ ਨੂੰ ਹੀ ਹਲ ਅੱਗੇ ਜੋਤ ਲਿਆ।

16

# ਲੂੰਬੜੀ ਤੇ ਸਾਰਸ

ਇਕ ਲੂੰਬੜੀ ਨੇ ਸਾਰਸ ਨੂੰ ਆਪਣੇ ਇਥੇ ਖਾਣੇ 'ਤੇ ਸੱਦਿਆ ਤੇ ਵੱਡੀ ਥਾਲ਼ੀ ਵਿਚ ਦਲ਼ੀਆ ਪਾ ਕੇ ਉਹਦੇ ਮੋਹਰੇ ਰੱਖ ਦਿੱਤਾ। ਸਾਰਸ ਆਪਣੀ ਲੰਮੀ ਚੁੰਝ ਨਾਲ ਕੁਝ ਵੀ ਨਾ ਖਾ ਸਕਿਆ ਤੇ ਲੂੰਬੜੀ ਖੁਦ ਹੀ ਸਾਰਾ ਦਲ਼ੀਆ ਚੱਟ ਕਰ ਗਈ। ਅਗਲੇ ਦਿਨ ਸਾਰਸ ਨੇ ਲੂੰਬੜੀ ਨੂੰ ਆਪਣੇ ਘਰ ਆਉਣ ਦਾ ਸੱਦਾ ਦਿੱਤਾ ਤੇ ਤੰਗ ਮੂੰਹ ਵਾਲੀ ਸੁਰਾਹੀ ਵਿਚ ਸ਼ੋਰਬਾ ਪਾ ਕੇ ਲੂੰਬੜੀ ਨੂੰ ਪੇਸ਼ ਕੀਤਾ।

ਲੂੰਬੜੀ ਸੁਰਾਹੀ ਵਿਚ ਆਪਣੀ ਬੂਥੀ ਨਾ ਘਸੋੜ ਸਕੀ। ਪਰ ਸਾਰਸ ਨੇ ਆਪਣੀ ਧੌਣ ਉਸ ਅੰਦਰ ਪਾ ਕੇ ਖੁਦ ਹੀ ਸਾਰਾ ਸ਼ੋਰਬਾ ਪੀ ਲਿਆ।

# ਬਾਂਦਰੀ ਦੇ ਬੱਚੇ

ਇਕ ਬਾਂਦਰੀ ਦੇ ਦੋ ਬੱਚੇ ਸਨ। ਇਕ ਨੂੰ ਬਹੁਤ ਪਿਆਰ ਕਰਦੀ ਸੀ, ਪਰ ਦੂਜੇ ਨੂੰ ਨਹੀਂ। ਇਕ ਦਿਨ ਲੋਕਾਂ ਨੇ ਬਾਂਦਰਾਂ ਨੂੰ ਖਦੇੜਨਾ ਸ਼ੁਰੂ ਕੀਤਾ। ਬਾਂਦਰੀ ਨੇ ਫੁਰਤੀ ਨਾਲ ਆਪਣੇ ਚਹੇਤੇ ਨੂੰ ਚੁੱਕਿਆ ਤੇ ਉਹਨੂੰ ਲੈ ਕੇ ਦੌੜ ਗਈ। ਇਹ ਬੱਚਾ, ਜਿਹੜਾ ਬਾਂਦਰੀ ਦਾ ਲਾਡਲਾ ਨਹੀਂ ਸੀ, ਰੁੱਖਾਂ ਦੇ ਝੁਰਮਟ ਵਿਚ ਜਾ ਲੁਕਿਆ, ਲੋਕਾਂ ਦੀ ਉਸ ਉਤੇ ਨਿਗਾਹ ਨਾ ਪਈ ਤੇ ਉਹ ਕੋਲੋਂ ਦੀ ਦੌੜਦੇ ਹੋਏ,

ਅੱਗੇ ਚਲੇ ਗਏ। ਬਾਂਦਰੀ ਇੰਨੀ ਕਾਹਲ ਵਿਚ ਰੁੱਖ 'ਤੇ ਚੜ੍ਹੀ ਕਿ ਉਹਦੇ ਪਿਆਰੇ ਬੱਚੇ ਦਾ ਸਿਰ ਤਣੇ ਨਾਲ ਟਕਰਾ ਗਿਆ ਤੇ ਉਹ ਮਰ ਗਿਆ। ਲੋਕਾਂ ਦੇ ਜਾਣ ਮਗਰੋਂ ਉਸ ਬੱਚੇ ਨੂੰ ਲੱਭਣ ਗਈ ਜਿਸ ਨੂੰ ਪਿਆਰ ਨਹੀਂ ਕਰਦੀ ਸੀ, ਪਰ ਉਹ ਵੀ ਉਸ ਨੂੰ ਨਾ ਮਿਲਿਆ ਤੇ ਉਹ ਇਕੱਲੀ ਰਹਿ ਗਈ।

# ਭੇੜੀਆ ਤੇ ਕਾਟੋ

ਇਕ ਕਾਟੋ ਰੁੱਖ ਦੀਆਂ ਟਾਹਣੀਆਂ ਉਤੇ ਇਧਰ-ਓਧਰ ਫੁਦਕ ਰਹੀ ਸੀ ਕਿ ਊਂਘਦੀ ਹੋਈ ਭੇੜੀਏ ਉੱਪਰ ਜਾ ਡਿੱਗੀ। ਭੇੜੀਆ ਉੱਛਲ ਕੇ ਖੜ੍ਹਾ ਹੋਇਆ ਤੇ ਉਸ ਨੇ ਕਾਟੋ ਨੂੰ ਖਾ ਜਾਣਾ ਚਾਹਿਆ। ਕਾਟੋ ਉਸ ਦੇ ਅੱਗੇ-ਪਿੱਛੇ ਘੁੰਮਦੀ ਉਹਦੀਆਂ ਮਿੰਨਤ ਕਰਨ ਲੱਗੀ :

"ਮੈਨੂੰ ਛੱਡ ਦੇ।"

ਭੇੜੀਏ ਨੇ ਜਵਾਬ ਦਿੱਤਾ :

"ਚੰਗੀ ਗੱਲ ਹੈ, ਮੈਂ ਤੈਨੂੰ ਛੱਡ ਦਿਆਂਗਾ, ਪਰ ਮੈਨੂੰ ਇੰਨਾ ਦੱਸ ਦੇ ਕਿ ਤੁਸੀਂ ਕਾਟੋ ਇੰਨੀਆਂ ਖ਼ੁਸ਼ ਕਿਉਂ ਰਹਿੰਦੀਆਂ ਹੋ। ਮੈਂ ਤਾਂ ਹਮੇਸ਼ਾ ਦੁਖੀ ਤੇ ਉਦਾਸ ਰਹਿੰਦਾ ਹਾਂ, ਪਰ ਤੁਹਾਡੇ 'ਤੇ ਨਿਗਾਹ ਮਾਰਦਾ ਹਾਂ ਤਾਂ ਤੁਹਾਨੂੰ ਹਮੇਸ਼ਾ ਖੇਡਦੇ-ਕੁੱਦਦੇ ਦੇਖਦਾ ਹਾਂ।"

ਕਾਟੋ ਨੇ ਜਵਾਬ ਦਿੱਤਾ :

"ਤੂੰ ਪਹਿਲਾਂ ਮੈਨੂੰ ਰੁੱਖ ਉਤੇ ਜਾਣ ਦੇ। ਉਥੇ ਜਾ ਕੇ ਮੈਂ ਤੈਨੂੰ ਦੱਸ ਦਿਆਂਗੀ, ਨਹੀਂ ਤਾਂ ਮੈਨੂੰ ਤੇਰੇ ਤੋਂ ਡਰ ਲਗਦਾ ਹੈ।"

ਭੇੜੀਏ ਨੇ ਉਸ ਨੂੰ ਛੱਡ ਦਿੱਤਾ। ਕਾਟੋ ਰੁੱਖ ਉਤੇ ਵਾਪਸ ਚਲੀ ਗਈ ਤੇ ਉਥੋਂ ਬੋਲੀ :

"ਤੂੰ ਇਸ ਲਈ ਦੁਖੀ ਤੇ ਉਦਾਸ ਏਂ ਕਿ ਦਿਲ ਦਾ ਬੁਰੇ ਏਂ। ਬੁਰਾਈ ਹੀ ਤੇਰਾ ਦਿਲ ਜਲਾਉਂਦੀ ਰਹਿੰਦੀ ਹੈ। ਅਸੀਂ ਕਾਟੋ ਇਸ ਲਈ ਖ਼ੁਸ਼ ਰਹਿੰਦੀਆ ਹਾਂ ਕਿ ਦਿਆਲੂ ਹਾਂ ਤੇ ਕਿਸੇ ਨਾਲ ਬੁਰਾਈ ਨਹੀਂ ਕਰਦੀਆਂ।"



# ਉਕਾਬ, ਕਾਂ ਤੇ ਚਰਵਾਹਾ

ਚਰਾਂਦ ਵਿਚ ਭੇਡਾਂ ਚਰ ਰਹੀਆਂ ਸਨ। ਅਚਾਨਕ ਕਿਤਿਓਂ ਇਕ ਉਕਾਬ ਉਤਰਿਆ, ਹੇਠਾਂ ਝਪਟਿਆ, ਉਹਨੇ ਇਕ ਮੇਮਣੇ ਦੇ ਸਰੀਰ ਵਿਚ ਆਪਣੇ ਪੰਜੇ ਖੋਭੇ ਤੇ ਉਸ ਨੂੰ ਉਡਾ ਕੇ ਲੈ ਗਿਆ। ਕਾਂ ਨੇ ਇਹ ਦੇਖਿਆ ਤੇ ਉਹਦਾ ਵੀ ਮਾਸ ਖਾਣ ਨੂੰ ਮਨ ਕੀਤਾ। ਉਹਨੇ ਆਪਣੇ ਆਪ ਨੂੰ ਕਿਹਾ :

"ਇਹ ਤਾਂ ਬੜਾ ਸੌਖਾ ਕੰਮ ਹੈ। ਮੈਂ ਵੀ ਇਉਂ ਕਰ ਸਕਦਾ ਹਾਂ ਤੇ ਉਹ ਵੀ ਉਕਾਬ ਤੋਂ ਬੇਹਤਰ। ਉਕਾਬ ਤਾਂ ਬੇਵਕੂਫ਼ ਹੈ, ਉਹਨੇ ਛੋਟਾ ਜਿਹਾ ਮੇਮਣਾ ਹੀ ਚੁੱਕਿਆ ਹੈ, ਪਰ ਮੈਂ ਐਹ ਮੋਟਾ ਭੇਡੂ ਚੁੱਕ ਲਵਾਂਗਾ।"

ਕਾਂ ਨੇ ਭੇਡੂ ਦੇ ਵਾਲਾਂ ਵਿਚ ਆਪਣਾ ਪੰਜਾ ਫਸਾਇਆ ਤੇ ਉਸ ਨੂੰ ਚੁੱਕਣਾ ਚਾਹਿਆ—ਪਰ ਅਜਿਹਾ ਨਾ ਕਰ ਸਕਿਆ। ਇੰਨਾ ਹੀ ਨਹੀਂ, ਕਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਭੇਡੂ ਦੇ ਵਾਲਾਂ ਵਿਚੋਂ ਉਹ ਖੁਦ ਆਪਣੇ ਪੰਜੇ ਕਿਵੇਂ ਕੱਢੇ। ਓਸੇ ਵਕਤ ਚਰਵਾਹਾ ਆਇਆ, ਉਸ ਨੇ ਭੇਡੂ ਦੇ ਵਾਲਾਂ ਵਿਚੋਂ ਕਾਂ ਦੇ ਪੰਜੇ ਕੱਢੇ ਤੇ ਉਸ ਨੂੰ ਮਾਰ ਕੇ ਸੁੱਟ ਦਿੱਤਾ।

# ਦੋ ਕੁੱਕੜ ਤੇ ਉਕਾਬ



ਦੋ ਕੁੱਕੜ ਗੋਹੇ ਦੇ ਇਕ ਢੇਰ ਕੋਲ ਆਪਸ ਵਿਚ ਲੜ ਰਹੇ ਸਨ। ਇਕ ਕੁੱਕੜ ਜ਼ਿਆਦਾ ਤਾਕਤਵਰ ਸੀ, ਉਸ ਨੇ ਦੂਜੇ ਨੂੰ ਡਰਾ ਕੇ ਗੋਹੇ ਦੇ ਢੇਰ ਤੋਂ ਦੂਰ ਭਜਾ ਦਿੱਤਾ। ਸਾਰੀਆਂ ਕੁਕੜੀਆਂ ਇਸ ਕੁੱਕੜ ਦੁਆਲੇ ਇਕੱਠੀਆਂ ਹੋ ਕੇ ਸਿਫ਼ਤਾਂ ਕਰਨ ਲੱਗੀਆਂ। ਇਸ ਕੁੱਕੜ ਨੇ ਸੋਚਿਆ ਕਿ ਦੂਜੇ ਅਹਾਤੇ ਵਿਚ ਜਾ ਕੇ ਸਾਰਿਆਂ ਵਿਚਾਲੇ ਉਹਦੀ ਤਾਕਤ ਤੇ ਮਸ਼ਹੂਰੀ ਦੀ ਧੁੰਮ ਪੈ ਜਾਵੇ। ਇਸ ਲਈ ਉਹ ਛੱਪਰ ਦੀ ਛੱਤ ਉਤੇ ਚੜ੍ਹ ਗਿਆ, ਉਹਨੇ ਆਪਣੇ ਖੰਭ ਫੜਫੜਾਏ ਤੇ ਉੱਚੀ ਆਵਾਜ਼ ਵਿਚ ਆਖਿਆ :

"ਮੈਨੂੰ ਸਾਰੇ ਜਣੇ ਧਿਆਨ ਨਾਲ ਦੇਖੋ, ਮੈਂ ਦੂਜੇ ਕੁੱਕੜ ਨੂੰ ਕੁੱਟ-ਮਾਰ ਕਰ ਕੇ ਭਜਾ ਦਿੱਤਾ ਹੈ। ਦੁਨੀਆਂ ਦੇ ਕਿਸੇ ਵੀ ਦੂਜੇ ਕੁੱਕੜ ਵਿਚ ਇੰਨੀ ਤਾਕਤ ਨਹੀਂ ਹੈ।"

ਕੁੱਕੜ ਅਜੇ ਇਹ ਕਹਿ ਹੀ ਰਿਹਾ ਸੀ ਕਿ ਇਕ ਉਕਾਬ ਆਇਆ, ਉਹਨੇ ਝਪਟਾ ਮਾਰ ਕੇ ਕੁੱਕੜ ਨੂੰ ਹੇਠਾਂ ਸੁੱਟ ਦਿੱਤਾ, ਉਹਦੇ ਬਦਨ ਨੂੰ ਆਪਣੇ ਪੰਜਿਆਂ 'ਚ ਨੱਪਿਆ ਤੇ ਆਪਣੇ ਆਲ੍ਹਣੇ ਵਿਚ ਚੁੱਕ ਕੇ ਲੈ ਗਿਆ।

# ਦੋ ਰਾਹੀ

ਦੋ ਰਾਹੀ ਨਾਲ-ਨਾਲ ਤੁਰੇ ਜਾ ਰਹੇ ਸਨ। ਉਨ੍ਹਾਂ 'ਚੋਂ ਇਕ ਨੌਜਵਾਨ ਸੀ। ਅਚਾਨਕ ਉਨ੍ਹਾਂ ਨੇ ਦੇਖਿਆ ਕਿ ਰਾਹ 'ਚ ਰੁਪਿਆਂ ਦੀ ਭਰੀ ਹੋਈ ਥੈਲੀ ਪਈ ਹੈ। ਨੌਜਵਾਨ ਨੇ ਉਸ ਨੂੰ ਚੁੱਕਿਆ ਤੇ ਆਖਿਆ, "ਰੱਬ ਨੇ ਮੇਰੇ ਉਤੇ ਕਿਵੇਂ ਕ੍ਰਿਪਾ ਕੀਤੀ ਹੈ।"

ਬੁੱਢੇ ਨੇ ਨਾਰਾਜ਼ਗੀ ਕਰਦਿਆਂ ਕਿਹਾ, "ਇਹ ਤਾਂ ਸਾਡੀ ਦੋਹਾਂ ਦੀ ਹੈ।"

ਨੌਜਵਾਨ ਨੇ ਜਵਾਬ ਦਿੱਤਾ :

"ਨਹੀਂ, ਇਹ ਸਾਨੂੰ ਇਕੱਠਿਆਂ ਨੂੰ ਨਹੀਂ ਮਿਲੀ ਹੈ। ਇਸ ਨੂੰ ਤਾਂ ਮੈਂ ਹੀ ਚੁੱਕਿਆ ਹੈ।"

ਬੁੱਢਾ ਚੁੱਪ ਹੋ ਗਿਆ। ਉਹ ਦੋਵੇਂ ਕੁਝ ਹੋਰ ਅੱਗੇ ਗਏ। ਅਚਾਨਕ ਪਿੱਛਿਓਂ ਘੋੜਿਆਂ ਦੇ ਸਰਪੱਟ ਆਉਣ ਦੀ ਅਤੇ ਲੋਕਾਂ ਦੀਆਂ ਉੱਚੀ-ਉੱਚੀ ਇਹ ਆਵਾਜ਼ਾਂ ਸੁਣਾਈ ਦਿੱਤੀਆਂ : ਰੁਪਿਆਂ ਦੀ ਥੈਲੀ ਕਿਸ ਨੇ ਚੁਰਾਈ ਹੈ ?"



ਨੌਜਵਾਨ ਡਰ ਗਿਆ ਤੇ ਬੋਲਿਆ :

"ਬਾਬਾ, ਇਸ ਥੈਲੀ ਕਾਰਨ ਸਾਡੇ ਉਤੇ ਕੋਈ ਮੁਸੀਬਤ ਨਾ ਜਾਵੇ।"

ਬੁੱਢੇ ਨੇ ਜਵਾਬ ਦਿੱਤਾ :

"ਇਹ ਥੈਲੀ ਤਾਂ ਤੈਨੂੰ ਮਿਲੀ ਹੈ, ਸਾਨੂੰ ਨਹੀਂ। ਇਸ ਲਈ ਮੁਸੀਬਤ ਵੀ ਤੇਰੇ ਉਤੇ ਆਵੇਗੀ, ਸਾਡੇ ਉਤੇ ਨਹੀਂ।"

ਨੌਜਵਾਨ ਨੂੰ ਫੜਿਆ ਗਿਆ, ਉਸ ਉਤੇ ਮੁਕੱਦਮਾ ਚਲਾਉਣ ਲਈ ਉਸ ਨੂੰ ਸ਼ਹਿਰ ਲਿਜਾਇਆ ਗਿਆ, ਜਦਕਿ ਬੁੱਢਾ ਆਪਣੇ ਘਰ ਚਲਾ ਗਿਆ।



# ਚੂਹੀ, ਕੁੱਕੜ ਤੇ ਬਿੱਲਾ

ਛੋਟੀ ਚੂਹੀ ਘੁੰਮਣ ਲਈ ਬਾਹਰ ਗਈ। ਉਸ ਨੇ ਅਹਾਤੇ ਦਾ ਗੇੜਾ ਕੱਢਿਆ ਤੇ ਮਾਂ ਕੋਲ ਮੁੜ ਆਈ।

"ਓ ਅੰਮਾ, ਮੈਂ ਦੋ ਜਾਨਵਰ ਦੇਖੇ ਨੇ। ਉਨ੍ਹਾਂ ਵਿਚੋਂ ਇਕ ਖਤਰਨਾਕ ਤੇ ਦੂਜਾ ਦਿਆਲੂ ਹੈ।"

ਮਾਂ ਨੇ ਪੁੱਛਿਆ :

"ਕਿਵੇਂ ਲਗਦੇ ਨੇ ਇਹ ਜਾਨਵਰ ?"

ਨਿੱਕੀ ਚੂਹੀ ਨੇ ਜਵਾਬ ਦਿੱਤਾ :

"ਉਨ੍ਹਾਂ 'ਚੋਂ ਇਕ ਬਹੁਤ ਖਤਰਨਾਕ ਹੈ, ਵਿਹੜੇ ਵਿਚ ਬੜੀ ਆਕੜ ਨਾਲ ਤੁਰ-ਫਿਰ ਰਿਹਾ ਹੈ। ਉਹਦੇ ਪੰਜੇ ਕਾਲੇ ਨੇ, ਕਲਗੀ

ਲਾਲ ਹੈ, ਅੱਖਾਂ ਦੇ ਡੇਲੇ ਬਾਹਰ ਨਿਕਲੇ ਹੋਏ ਹਨ ਤੇ ਨੱਕ ਝੁਕਿਆ ਹੋਇਆ ਹੈ। ਮੈਂ ਜਦੋਂ ਉਹਦੇ ਕੋਲੋਂ ਦੀ ਲੰਘੀ ਤਾਂ ਉਸ ਨੇ ਆਪਣਾ ਵੱਡਾ ਸਾਰਾ ਮੂੰਹ ਖੋਲ੍ਹ ਲਿਆ, ਇਕ ਲੱਤ ਉਤਾਂਹ ਚੁੱਕੀ ਤੇ ਇੰਨੇ ਜ਼ੋਰ ਨਾਲ ਆਵਾਜ਼ ਕੱਢੀ ਕਿ ਡਰ ਦੇ ਮਾਰੇ ਮੇਰੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਮੈਂ ਕਿੱਥੇ ਜਾਵਾਂ।"

"ਇਹ ਕੁੱਕੜ ਹੈ," ਨਿੱਕੀ ਚੂਹੀ ਦੀ ਮਾਂ ਨੇ ਦੱਸਿਆ। "ਉਹ ਕਿਸੇ ਦਾ ਬੁਰਾ ਨਹੀਂ ਕਰਦਾ, ਉਸ ਤੋਂ ਡਰਨ ਦੀ ਲੋੜ ਨਹੀਂ। ਤੇ ਦੂਜਾ ਜਾਨਵਰ ਕਿਹੋ ਜਿਹਾ ਹੈ ?"

"ਦੂਜਾ ਲੰਮਾ ਪਿਆ ਧੁੱਪ ਸੇਕ ਰਿਹਾ ਸੀ। ਉਹਦੀ ਧੌਣ ਚਿੱਟੀ ਹੈ, ਪੈਰ ਭੂਰੇ ਤੇ ਨਰਮ-ਨਰਮ ਹਨ। ਉਹ ਆਪਣੀ ਚਿੱਟੀ ਛਾਤੀ ਨੂੰ ਚੱਟ ਰਿਹਾ ਸੀ ਤੇ ਮੇਰੇ ਵਲ ਦੇਖਦਿਆਂ ਪੂਛ ਨੂੰ ਹੌਲੀ-ਹੌਲੀ ਹਿਲਾ ਰਿਹਾ ਸੀ।"

ਨਿੱਕੀ ਚੂਹੀ ਦੀ ਮਾਂ ਨੇ ਦੱਸਿਆ :

"ਤੂੰ ਨਿਰੀ ਬੁੱਧੂ ਏਂ, ਬਿਲਕੁਲ ਬੁੱਧੂ। ਇਹ ਹੀ ਤਾਂ ਬਿੱਲਾ ਹੈ।"

# ਤਿੱਤਰ ਤੇ ਲੂੰਬੜੀ

ਕਿਸੇ ਰੁੱਖ 'ਤੇ ਤਿੱਤਰ ਬੈਠਾ ਸੀ। ਲੂੰਬੜੀ ਉਹਦੇ ਕੋਲ ਆਈ ਤੇ ਬੋਲੀ :

"ਨਮਸਤੇ, ਤਿੱਤਰ, ਮੇਰੇ ਪਿਆਰੇ ਮਿੱਤਰ, ਜਿਵੇਂ ਹੀ ਸੁਣੀ, ਤੇਰੀ ਆਵਾਜ਼, ਤਿਵੇਂ ਹੀ ਮਿਲਣ ਆ ਗਈ ਤੇਰੇ ਪਾਸ।"

"ਬਹੁਤ ਮਿਹਰਬਾਨੀ ਕੀਤੀ ਹੈ ਤੂੰ," ਤਿੱਤਰ ਨੇ ਉੱਤਰ ਦਿੱਤਾ।

ਲੂੰਬੜੀ ਨੇ ਇਹ ਮਕਾਰ ਕੀਤਾ ਜਿਵੇਂ ਉਸ ਨੂੰ ਸੁਣਾਈ ਨਾ ਦੇ ਰਿਹਾ ਹੋਵੇ ਤੇ ਬੋਲੀ : "ਤੂੰ ਕੀ ਕਰ ਰਿਹੈਂ ? ਮੈਨੂੰ ਸੁਣਾਈ ਨਹੀਂ ਦੇ ਰਿਹਾ। ਤੂੰ ਅੱਛੇ ਤਿੱਤਰ, ਮੇਰੇ ਪਿਆਰੇ ਮਿੱਤਰ, ਘਾਹ ਉਤੇ ਘੁੰਮਣ, ਮੇਰੇ ਨਾਲ ਗੱਲਾਂ ਕਰਨ ਲਈ ਹੇਠਾਂ ਕਿਉਂ ਨਹੀਂ ਆ

ਜਾਂਦਾ ? ਰੁੱਖ ਉਤੇ ਮੈਨੂੰ ਤੇਰੀ ਆਵਾਜ਼ ਸੁਣਾਈ ਨਹੀਂ ਦੇ ਰਹੀ।"

ਤਿੱਤਰ ਨੇ ਜਵਾਬ ਦਿੱਤਾ, 'ਮੈ ਘਾਹ ਉਤੇ ਆਉਣ ਤੋਂ ਡਰਦਾ ਹਾਂ। ਅਸੀਂ ਪਰਿੰਦਿਆਂ ਲਈ ਜ਼ਮੀਨ ਉਤੇ ਤੁਰਨਾ ਖਤਰਨਾਕ ਹੁੰਦਾ ਹੈ।"

"ਕੀ ਤੂੰ ਮੇਰੇ ਤੋਂ ਡਰਦਾ ਏਂ ?" ਲੂੰਬੜੀ ਨੇ ਪੁੱਛਿਆ।

"ਤੇਰੇ ਤੋਂ ਨਹੀਂ, ਤੇਰੇ ਜਾਨਵਰਾਂ ਤੋਂ ਡਰਦਾ ਹਾਂ।" ਤਿੱਤਰ ਨੇ ਉੱਤਰ ਦਿੱਤਾ। "ਸਾਰੇ ਤਰ੍ਹਾਂ ਦੇ ਜਾਨਵਰ ਹੁੰਦੇ ਨੇ।"

"ਨਹੀਂ ਪਿਆਰੇ ਤਿੱਤਰ, ਮੇਰੇ ਪਿਆਰੇ ਮਿੱਤਰ, ਅੱਜ ਤੋਂ ਇਹ ਕਾਨੂੰਨ ਬਣਾ ਦਿੱਤਾ ਗਿਆ ਹੈ ਕਿ ਸਾਰੀ ਧਰਤੀ ਉਤੇ ਅਮਨ-ਚੈਨ ਹੋਣਾ ਚਾਹੀਦਾ ਹੈ। ਅੱਜ ਤੋਂ ਜਾਨਵਰ ਇਕ-ਦੂਜੇ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ।"

"ਇਹ ਤਾਂ ਬਹੁਤ ਚੰਗਾ ਹੋਇਆ, "ਤਿੱਤਰ ਨੇ ਜਵਾਬ ਦਿੱਤਾ, "ਕਿਉਂਕਿ ਉਧਰੋਂ ਕੁਝ ਕੁੱਤੇ ਦੌੜਦੇ ਆ ਰਹੇ ਹਨ। ਜੇ ਪਹਿਲਾਂ ਵਾਲੀ ਗੱਲ ਹੁੰਦੀ ਤਾਂ ਤੈਨੂੰ ਭੱਜਣਾ ਪੈਂਦਾ, ਪਰ ਹੁਣ ਤੇਰੇ ਲਈ ਡਰਨ ਵਾਲੀ ਕੋਈ ਗੱਲ ਨਹੀਂ।"

ਕੁੱਤਿਆਂ ਬਾਰੇ ਸੁਣ ਕੇ ਲੂੰਬੜੀ ਦੇ ਕੰਨ ਖੜ੍ਹੇ ਹੋ ਗਏ ਤੇ ਉਹ ਦੌੜਨ ਲਈ ਤਿਆਰ ਹੋ ਗਈ।

"ਤੂੰ ਕਿੱਧਰ ਚੱਲੀ ਏਂ ?" ਤਿੱਤਰ ਨੇ ਪੁੱਛਿਆ। "ਹੁਣ ਤਾਂ ਕਾਨੂੰਨ ਬਣ ਗਿਆ ਹੈ, ਕੁੱਤੇ ਤੇਰਾ ਵਾਲ ਵੀ ਵਿੰਗਾ ਨਹੀਂ ਕਰਨਗੇ।"



"ਕੌਣ ਜਾਣਦਾ !" ਲੂੰਬੜੀ ਨੇ ਜਵਾਬ ਦਿੱਤਾ। "ਹੋ ਸਕਦਾ ਹੈ ਕਿ ਉਨ੍ਹਾਂ ਨੇ ਕਾਨੂੰਨ ਬਾਰੇ ਨਾ ਸੁਣਿਆ ਹੋਵੇ।"

ਤੇ ਪੂਛ ਦਬਾ ਕੇ ਦੌੜ ਗਈ।

# ਭੇੜੀਆ ਤੇ ਕੁੱਤਾ



ਇਕ ਦੁਬਲਾ-ਪਤਲਾ ਭੇੜੀਆ ਪਿੰਡ ਦੇ ਕੋਲ ਘੁੰਮ ਰਿਹਾ ਸੀ ਕਿ ਉਸ ਦੀ ਇਕ ਮੋਟੇ-ਤਾਜ਼ੇ ਕੁੱਤੇ ਨਾਲ ਮੁਲਾਕਾਤ ਹੋ ਗਈ। ਭੇੜੀਏ ਨੇ ਕੁੱਤੇ ਤੋਂ ਪੁੱਛਿਆ :

"ਕੁੱਤੇ, ਇਹ ਦੱਸ ਪਈ ਤੁਹਾਨੂੰ ਸਾਰਿਆਂ ਨੂੰ ਖਾਣ ਲਈ ਕਿੱਥੋਂ ਮਿਲਦਾ ਹੈ ?"

"ਲੋਕ ਦਿੰਦੇ ਨੇ।" ਕੁੱਤੇ ਨੇ ਜਵਾਬ ਦਿੱਤਾ।

"ਹਾਂ, ਤੁਸੀਂ ਲੋਕਾਂ ਲਈ ਆਪਣੀ ਜਾਨ ਖਪਾਉਂਦੇ ਹੋ।" ਕੁੱਤਾ ਬੋਲਿਆ।

"ਨਹੀਂ, ਸਾਡਾ ਕੰਮ ਕੁਝ ਵੀ ਮੁਸ਼ਕਿਲ ਨਹੀਂ ਹੈ। ਸਾਡਾ ਕੰਮ ਤਾਂ ਰਾਤਾਂ ਨੂੰ ਘਰ-ਵਿਹੜੇ ਦੀ ਰਖਵਾਲੀ ਕਰਨੀ ਹੀ ਹੈ।"

"ਸਿਰਫ ਇਸ ਗੱਲ ਵਾਸਤੇ ਤੁਹਾਨੂੰ ਇੰਨਾ ਖੁਆਇਆ-ਪਿਆਇਆ ਜਾਂਦਾ ਹੈ," ਭੇੜੀਏ ਨੇ ਕਿਹਾ। "ਫਿਰ ਤਾਂ ਮੈਂ ਵੀ

ਇਸ ਕੰਮ ਲਈ ਤੁਹਾਡੇ ਮਾਲਕ ਕੋਲ ਜਾਣ ਨੂੰ ਤਿਆਰ ਹਾਂ, ਸਾਨੂੰ ਭੇੜੀਆਂ ਨੂੰ ਬੜੀ ਮੁਸ਼ਕਿਲ ਨਾਲ ਖਾਣ ਨੂੰ ਮਿਲਦਾ ਹੈ।"

"ਤਾਂ ਆ ਜਾ," ਕੁੱਤੇ ਨੇ ਜਵਾਬ ਦਿੱਤਾ, "ਮਾਲਕ ਤੈਨੂੰ ਵੀ ਖਾਣਾ ਦੇ ਦੇਵੇਗਾ।"

ਭੇੜੀਆ ਬਹੁਤ ਖ਼ੁਸ਼ ਹੋਇਆ ਤੇ ਕੁੱਤੇ ਨਾਲ ਲੋਕਾਂ ਦੀ ਸੇਵਾ  ਕਰਨ ਤੁਰ ਪਿਆ। ਭੇੜੀਆ ਫਾਟਕ ਵਿਚ ਦਾਖ਼ਲ ਹੋ ਹੀ ਰਿਹਾ ਸੀ ਕਿ ਉਸ ਨੂੰ ਕੁੱਤੇ ਦੀ ਧੌਣ ਦੇ ਵਾਲ ਗਾਇਬ ਦਿਖਾਈ ਦਿੱਤੇ। ਉਸ ਨੇ ਪੁੱਛਿਆ :

"ਕੁੱਤੇ, ਤੇਰੀ ਧੌਣ ਦੇ ਵਾਲ ਕਿਵੇਂ ਗਾਇਬ ਹੋ ਗਏ ?"

"ਬਸ ਇਉਂ ਹੀ," ਕੁੱਤੇ ਨੇ ਜਵਾਬ ਦਿੱਤਾ।

"ਇਉਂ ਦਾ ਕੀ ਮਤਲਬ ?"

"ਜ਼ੰਜੀਰ ਦੇ ਕਾਰਨ। ਗੱਲ ਇਹ ਹੈ ਕਿ ਦਿਨ ਵੇਲੇ ਮੈਂ ਜ਼ੰਜੀਰ ਨਾਲ ਬੱਧਾ ਰਹਿੰਦਾ ਹਾਂ। ਇਸ ਜ਼ੰਜੀਰ ਨੇ ਹੀ ਮੇਰੀ ਧੌਣ ਦੇ ਵਾਲ ਉਡਾ ਦਿੱਤੇ ਹਨ।"

"ਫਿਰ ਤਾਂ ਮੈਂ ਤੇਰੇ ਤੋਂ ਵਿਦਾ ਲੈਂਦਾ ਹਾਂ, ਕੁੱਤੇ," ਭੇੜੀਏ ਨੇ ਕਿਹਾ।

"ਮੈਂ ਲੋਕਾਂ ਲਈ ਕੰਮ ਕਰਨ ਨਹੀਂ ਜਾਵਾਂਗਾ। ਬੇਸ਼ੱਕ ਮੈਂ ਤੇਰੇ ਵਾਂਗ ਮੋਟਾ ਨਹੀਂ ਹੋ ਸਕਾਂਗਾ, ਪਰ ਆਜ਼ਾਦ ਰਹਾਂਗਾ।"

# ਤੂਫ਼ਾਨ 'ਚ ਕਿਸ਼ਤੀ

ਕੁਝ ਮਛੇਰੇ ਕਿਸ਼ਤੀ ਵਿਚ ਜਾ ਰਹੇ ਸਨ। ਤੂਫ਼ਾਨ ਆ ਗਿਆ। ਮਛੇਰੇ ਡਰ ਗਏ। ਉਨ੍ਹਾਂ ਨੇ ਚੱਪੂ ਸੁੱਟ ਦਿੱਤੇ ਤੇ ਰੱਬ ਅੱਗੇ ਅਰਦਾਸ ਕਰਨ ਲੱਗੇ ਕਿ ਉਨ੍ਹਾਂ ਦੀ ਜਾਨ ਬਚਾਵੇ। ਕਿਸ਼ਤੀ ਤੱਟ ਤੋਂ ਦੂਰ ਹੁੰਦੀ ਹੋਈ ਨਦੀ ਅੰਦਰ ਜਾਈ ਜਾ ਰਹੀ ਸੀ। ਫਿਰ ਇਕ ਬਜ਼ੁਰਗ ਮਛੇਰੇ ਨੇ ਕਿਹਾ :

"ਚੱਪੂ ਕਿਉਂ ਸੁੱਟੇ ? ਰੱਬ ਨੂੰ ਯਾਦ ਕਰੋ, ਪਰ ਕਿਸ਼ਤੀ ਨੂੰ ਤੱਟ ਵੱਲ ਲਿਜਾਂਦੇ ਰਹੋ।"

# ਮੋਟਾ ਹੋ ਜਾਣ ਵਾਲਾ ਚੂਹਾ

ਇਕ ਚੂਹਾ ਫ਼ਰਸ਼ ਦੇ ਤਖ਼ਤਿਆਂ ਨੂੰ ਕੁਤਰਦਾ ਰਿਹਾ। ਫ਼ਰਸ਼ ਵਿਚ ਸੁਰਾਖ਼ ਹੋ ਗਿਆ। ਚੂਹਾ ਉਸ ਅੰਦਰ ਵੜ ਗਿਆ ਤੇ ਉਥੇ ਉਸ ਨੂੰ ਖਾਣ ਲਈ ਬਹੁਤ ਕੁਝ ਮਿਲ ਗਿਆ। ਚੂਹਾ ਲਾਲਚੀ ਸੀ, ਉਸ ਨੇ ਇੰਨਾ ਜ਼ਿਆਦਾ ਖਾ ਲਿਆ ਕਿ ਉਹਦਾ ਪੇਟ ਫੁੱਲ ਗਿਆ। ਦਿਨ ਚੜ੍ਹਨ ਵੇਲੇ ਚੂਹੇ ਨੇ ਆਪਣੀ ਜਗਾਹ ਵਾਪਸ ਆਉਣਾ ਚਾਹਿਆ, ਪਰ ਉਹਦਾ ਢਿੱਡ ਇੰਨਾ ਫੁੱਲ ਗਿਆ ਕਿ ਉਹ ਸੁਰਾਖ਼ ਥਾਣੀਂ ਨਿਕਲ ਨਾ ਸਕਿਆ।

# ਚੂਹੀ ਤੇ ਡੱਡ



ਇਕ ਚੂਹੀ ਕਿਸੇ ਡੱਡ ਦੇ ਉਥੇ ਮਹਿਮਾਨ ਗਈ। ਡੱਡ ਉਸ ਨੂੰ ਤੱਟ 'ਤੇ ਮਿਲੀ ਤੇ ਉਸ ਨੇ ਉਸ ਨੂੰ ਪਾਣੀ ਦੇ ਹੇਠਾਂ ਆਪਣੇ ਘਰ ਜਾਣ ਨੂੰ ਕਿਹਾ। ਚੂਹੀ ਪਾਣੀ ਵਿਚ ਘੁੰਮਣ ਗਈ, ਪਰ ਓਸੇ ਵਕਤ ਉਸ ਅੰਦਰ ਇੰਨਾ ਪਾਣੀ ਚਲਾ ਗਿਆ ਕਿ ਮੁਸ਼ਕਿਲ ਨਾਲ ਜਿਊਂਦੀ ਬਾਹਰ ਨਿੱਕਲੀ।

"ਮੇਰੇ ਕੋਲ ਇੰਨਾ ਵਕਤ ਹੀ ਕਿੱਥੇ ਹੈ ਕਿ ਮੈਂ ਦੂਜਿਆਂ ਦੇ ਇਥੇ ਮਹਿਮਾਨ ਜਾਂਦੀ ਰਹਾਂ," ਉਸ ਨੇ ਕਿਹਾ।

# ਡੱਡ, ਚੂਹੀ ਤੇ ਬਾਜ਼

ਡੱਡ ਤੇ ਚੂਹੀ ਵਿਚਾਲੇ ਝਗੜਾ ਹੋ ਗਿਆ। ਓਹ ਦੋਵੇਂ ਖੁੱਲ੍ਹੇ ਮੈਦਾਨ ਵਿਚ ਨਿਕਲ ਕੇ ਲੜਨ ਲੱਗੀਆਂ। ਬਾਜ਼ ਨੇ ਦੇਖਿਆ ਕਿ ਉਹ ਉਸ ਨੂੰ ਭੁੱਲ ਗਈਆਂ ਹਨ, ਉਸ ਨੇ ਝਪਟਾ ਮਾਰਿਆ ਤੇ ਦੋਵਾਂ ਨੂੰ ਚੁੱਕ ਕੇ ਲੈ ਗਿਆ।

# ਪਿੰਡ ਤੇ ਸ਼ਹਿਰ ਦਾ ਚੂਹਾ

ਸ਼ਹਿਰ 'ਚ ਰਹਿਣ ਵਾਲਾ ਇਕ ਘਮੰਡੀ ਚੂਹਾ ਪਿੰਡ ਦੇ ਸਿੱਧੇ -ਸਾਦੇ ਚੂਹੇ ਨੂੰ ਮਿਲਣ ਇਥੇ ਆਇਆ। ਪਿੰਡ ਦਾ ਚੂਹਾ ਖੇਤ ਵਿਚ ਰਹਿੰਦਾ ਸੀ ਤੇ ਉਹਦੇ ਕੋਲ ਜੋ ਕੁਝ ਸੀ, ਉਹਨੇ ਆਪਣੇ ਮਹਿਮਾਨ ਦੇ ਅੱਗੇ ਖਾਣ ਲਈ ਪੇਸ਼ ਕੀਤਾ ਯਾਨੀ ਛੋਲੇ ਤੇ ਕਣਕ ਦੇ ਦਾਣੇ। ਘਮੰਡੀ ਚੂਹਾ ਉਨ੍ਹਾਂ ਨੂੰ ਕੁਝ ਦੇਰ ਚਬਾਉਂਦਾ ਰਿਹਾ ਤੇ ਫਿਰ ਬੋਲਿਆ : "ਤੂੰ ਇਸ ਲਈ ਇੰਨਾ ਦੁਬਲਾ- ਪਤਲਾ ਏਂ ਕਿ ਤੇਰੀ ਖ਼ੁਰਾਕ ਬਹੁਤ ਘਟੀਆ ਹੈ। ਤੂੰ ਮੇਰੇ ਉਥੇ ਆ ਕੇ ਦੇਖ ਕਿ ਮੈਂ ਕਿਵੇ ਰਹਿੰਦਾ ਹਾਂ।"

ਤੇ ਸਾਧਾਰਣ ਦੇਹਾਤੀ ਚੂਹਾ ਸ਼ਹਿਰੀ ਚੂਹੇ ਦੇ ਉਥੇ ਗਿਆ। ਦੋਹਾਂ ਨੇ ਰਾਤ ਪੈਣ ਦੀ ਉਡੀਕ ਕੀਤੀ। ਲੋਕ ਖਾ-ਪੀ ਕੇ ਚਲੇ ਗਏ। ਘਮੰਡੀ ਚੂਹਾ ਆਪਣੇ ਮਹਿਮਾਨ ਨੂੰ ਸੁਰਾਖ਼ ਵਿਚੋਂ ਦੀ ਖਾਣ ਵਾਲੇ ਕਮਰੇ ਵਿਚ ਲੈ ਗਿਆ ਤੇ ਦੋਨੋਂ ਮੇਜ਼ ਉਤੇ ਚੜ੍ਹ ਗਏ। ਦੇਹਾਤੀ ਚੂਹੇ ਨੇ ਇਸ ਤਰ੍ਹਾਂ ਦਾ ਭੋਜਨ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੀ ਨਹੀਂ ਦੇਖਿਆ ਸੀ ਤੇ ਉਹਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਕਿਸ ਚੀਜ਼ ਤੋਂ ਖਾਣਾ ਸ਼ੁਰੂ ਕਰੇ। ਉਸ ਨੇ ਕਿਹਾ, "ਤੇਰੀ ਗੱਲ ਸਹੀ ਸੀ, ਸਾਡੀ ਖ਼ੁਰਾਕ ਬਹੁਤ ਘਟੀਆ ਹੈ। ਹੁਣ ਮੈਂ ਵੀ ਸ਼ਹਿਰ ਰਹਿਣ ਆ ਜਾਵਾਂਗਾ।"

ਉਸ ਨੇ ਇੰਨਾ ਕਿਹਾ ਕਿ ਮੇਜ਼ ਹਿੱਲਿਆ, ਹੱਥ ਵਿਚ ਮੋਮਬੱਤੀ ਫੜੀ ਇਕ ਆਦਮੀ ਅੰਦਰ ਆਇਆ ਅਤੇ ਚੂਹਿਆਂ ਨੂੰ ਫੜਨ ਲੱਗਾ। ਉਹ ਦੋਵੇਂ ਬੜੀ ਮੁਸ਼ਕਿਲ ਨਾਲ ਹੀ ਇਕ ਸੁਰਾਖ਼ ਅੰਦਰ ਵੜ ਕੇ ਆਪਣੀ ਜਾਨ ਬਚਾ ਸਕੇ।

"ਨਹੀਂ," ਦੇਹਾਤੀ ਚੂਹੇ ਨੇ ਕਿਹਾ, "ਖੇਤ 'ਚ ਮੇਰੀ ਜ਼ਿੰਦਗੀ ਬੇਹਤਰ ਹੈ। ਬੇਸ਼ੱਕ ਮੇਰੇ ਉਥੇ ਮਠਿਆਈਆਂ ਨਹੀਂ ਹਨ, ਪਰ ਇਸ ਤਰ੍ਹਾਂ ਦਾ ਡਰ ਵੀ ਮੈਂ ਕਦੇ ਮਹਿਸੂਸ ਨਹੀਂ ਕਰਦਾ।"

# ਸਮੁੰਦਰ, ਨਦੀਆਂ ਤੇ ਨਾਲੇ

ਇਕ ਆਦਮੀ ਨੇ ਦੂਜੇ ਨਾਲ ਬਹਿਸ ਕਰਦਿਆਂ ਕਿਹਾ ਕਿ ਉਹ ਬਹੁਤ ਜ਼ਿਆਦਾ ਪਾਣੀ ਪੀ ਸਕਦਾ ਹੈ। ਉਹ ਬੋਲਿਆ :

"ਮੈਂ ਤਾਂ ਸਮੁੰਦਰ ਵੀ ਪੀ ਸਕਦਾ ਹਾਂ।"

"ਨਹੀਂ ਪੀ ਸਕਦਾ।"



"ਪੀ ਸਕਦਾ ਹਾਂ। ਬੇਸ਼ੱਕ ਸ਼ਰਤ ਲਾ ਲੈ। ਮੈਂ ਇਕ ਹਜ਼ਾਰ ਰੂਬਲਾਂ ਦੀ ਸ਼ਰਤ ਲਾ ਸਕਦਾ ਹਾਂ ਕਿ ਪੂਰਾ ਸਮੁੰਦਰ ਪੀ ਜਾਵਾਂਗਾ।"

ਅਗਲੀ ਸਵੇਰ ਨੂੰ ਕਿਹਾ ਗਿਆ ਕਿ ਜਾਂ ਤਾਂ ਜਾ ਕੇ ਸਮੁੰਦਰ ਨੂੰ ਪੀ ਜਾਂ ਫਿਰ ਇਕ ਹਜ਼ਾਰ ਰੂਬਲ ਦੇ ਦੇ।"

ਇਸ ਆਦਮੀ ਨੇ ਜਵਾਬ ਦਿੱਤਾ :

"ਮੈਂ ਸਮੁੰਦਰ ਪੀਣ ਦੀ ਗੱਲ ਆਖੀ ਸੀ ਤੇ ਉਹਨੂੰ ਪੀ ਵੀ ਜਾਵਾਂਗਾ। ਪਰ ਸਾਰੀਆਂ ਨਦੀਆਂ ਪੀਣ ਨੂੰ ਨਹੀਂ ਕਿਹਾ ਸੀ। ਸਾਰੀਆਂ ਨਦੀਆਂ ਤੇ ਨਾਲਿਆਂ ਨੂੰ ਸਮੁੰਦਰ ਵਿਚ ਪੈਣ ਤੋਂ ਰੋਕ ਦਿਓ ਤੇ ਫਿਰ ਮੈਂ ਸਮੁੰਦਰ ਨੂੰ ਪੀ ਜਾਵਾਂਗਾ।"





40

# ਉਕਾਬ ਤੇ ਲੂੰਬੜੀ

ਇਕ ਉਕਾਬ ਨੇ ਕਿਸੇ ਲੂੰਬੜੀ ਤੋਂ ਉਹਦਾ ਬੱਚਾ ਝਪਟ ਲਿਆ ਤੇ ਉਸ ਨੂੰ ਲੈ ਜਾਣਾ ਚਾਹਿਆ। ਲੂੰਬੜੀ ਮਿੰਨਤਾਂ ਕਰਨ ਲੱਗੀ ਕਿ ਉਹ ਉਸ ਉਤੇ ਰਹਿਮ ਕਰੇ। ਉਕਾਬ ਨੇ ਸੋਚਿਆ : 'ਇਹ ਮੇਰਾ ਕੀ ਵਿਗਾੜ ਸਕਦੀ ਹੈ ? ਮੇਰਾ ਆਲ੍ਹਣਾ ਤਾਂ ਉੱਚੇ ਚੀੜ੍ਹ ਦੇ ਰੁੱਖ ਉਤੇ ਹੈ। ਇਹ ਮੇਰੇ ਤਕ ਨਹੀਂ ਪਹੁੰਚ ਸਕਦੀ।' ਤੇ ਉਹ ਲੂੰਬੜੀ

ਦੇ ਬੱਚੇ ਨੂੰ ਲੈ ਗਿਆ। ਲੂੰਬੜੀ ਦੌੜ ਕੇ ਮੈਦਾਨ ਵਿਚ ਗਈ, ਉਸ ਨੇ ਲੋਕਾਂ ਤੋਂ ਇਕ ਬਲਦੀ ਹੋਈ ਲੱਕੜੀ ਲਈ ਤੇ ਉਸ ਨੂੰ ਲੈ ਕੇ ਚੀੜ੍ਹ ਦੇ ਰੁੱਖ ਹੇਠਾਂ ਪਹੁੰਚ ਗਈ। ਉਸ ਨੇ ਚੀੜ੍ਹ ਨੂੰ ਅੱਗ ਲਾਉਣੀ ਚਾਹੀ, ਪਰ ਉਕਾਬ ਨੇ ਉਸ ਤੋਂ ਮਾਫ਼ੀ ਮੰਗੀ ਤੇ ਉਹਦੇ ਬੱਚੇ ਨੂੰ ਵਾਪਸ ਛੱਡ ਦਿੱਤਾ।

# ਬਿੱਲੀ ਤੇ ਲੂੰਬੜੀ

ਇਕ ਬਿੱਲੀ ਤੇ ਇਕ ਲੂੰਬੜੀ ਆਪਸ ਵਿਚ ਇਹ ਗੱਲਾਂ ਕਰਨ ਲੱਗੀਆਂ ਕਿ ਕੁੱਤਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਬਿੱਲੀ ਨੇ ਕਿਹਾ :

"ਮੈਂ ਕੁੱਤਿਆਂ ਤੋਂ ਨਹੀਂ ਡਰਦੀ ਹਾਂ, ਕਿਉਂਕਿ ਉਨ੍ਹਾਂ ਤੋਂ ਇਕ ਜੁਗਤ ਜਾਣਦੀ ਹਾਂ।"

ਲੂੰਬੜੀ ਹੈਰਾਨ ਹੁੰਦਿਆਂ ਬੋਲੀ :

"ਸਿਰਫ ਇਕ ਜੁਗਤ ਨਾਲ ਹੀ ਕੁੱਤਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਮੈਂ ਸੱਤਰ ਜੁਗਤਾਂ ਤੇ ਚਾਲਾਂ ਜਾਣਦੀ ਹਾਂ।"

ਉਹ ਦੋਵੇਂ ਗੱਲਾਂ ਕਰ ਹੀ ਰਹੀਆਂ ਸਨ ਕਿ ਉਸੇ ਵੇਲੇ ਸ਼ਿਕਾਰੀ ਆ ਗਏ ਤੇ ਕੁੱਤੇ ਉਨ੍ਹਾਂ ਦਾ ਪਿੱਛਾ ਕਰਨ ਲੱਗੇ। ਬਿੱਲੀ ਨੇ ਆਪਣੀ ਇਕ ਹੀ ਜੁਗਤ ਨਾਲ ਕੰਮ ਕਰ ਲਿਆ ਤੇ ਛਾਲ ਮਾਰ ਕੇ ਦਰਖ਼ਤ 'ਤੇ ਚੜ੍ਹ ਗਈ ਤੇ ਕੁੱਤੇ ਉਸ ਨੂੰ ਫੜ ਨਾ ਸਕੇ। ਪਰ ਲੂੰਬੜੀ ਆਪਣੀਆਂ ਚਾਲਾਂ-ਚਲਾਕੀਆਂ ਦਿਖਾਉਣ ਲੱਗੀ ਜੋ ਉਸ ਦੀ ਮਦਦ ਨਾ ਕਰ ਸਕੀਆਂ ਅਤੇ ਕੁੱਤਿਆਂ ਨੇ ਉਸ ਨੂੰ ਦਬੋਚ ਲਿਆ।

# ਬਾਂਦਰ ਤੇ ਲੂੰਬੜੀ

ਇਕ ਵਾਰ ਜਾਨਵਰਾਂ ਨੇ ਬਾਂਦਰ ਨੂੰ ਆਪਣਾ ਪ੍ਰਧਾਨ ਚੁਣ ਲਿਆ। ਲੂੰਬੜੀ ਨੇ ਉਹਦੇ ਕੋਲ ਜਾ ਕੇ ਆਖਿਆ :

"ਤੁਸੀਂ ਤਾਂ ਹੁਣ ਸਾਡੇ ਪ੍ਰਧਾਨ ਹੋ, ਮੈਂ ਤੁਹਾਡੀ ਕੁਝ ਸੇਵਾ ਕਰਨੀ ਚਾਹੁੰਦੀ ਹਾਂ—ਮੈਨੂੰ ਜੰਗਲ ਵਿਚ ਇਕ ਖ਼ਜ਼ਾਨਾ ਮਿਲ ਗਿਆ ਹੈ। ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਦਿਖਾ ਦਿੰਦੀ ਹਾਂ।"

ਬਾਂਦਰ ਬਹੁਤ ਖ਼ੁਸ਼ ਹੋਇਆ ਤੇ ਲੂੰਬੜੀ ਦੇ ਪਿੱਛੇ-ਪਿੱਛੇ ਤੁਰ ਪਿਆ। ਲੂੰਬੜੀ ਇਕ ਫੰਧੇ ਕੋਲ ਗਈ ਤੇ ਬੋਲੀ :

"ਇਹ ਹੈ ਖਜ਼ਾਨਾ, ਆਪ ਹੀ ਲੈ ਲਵੋ, ਤੁਹਾਡੇ ਬਿਨਾਂ ਮੈਂ ਤਾਂ ਇਸ ਨੂੰ ਛੋਹਣਾ ਵੀ ਨਹੀਂ ਚਾਹਿਆ।"



ਬਾਂਦਰ ਨੇ ਫੰਧੇ ਵਿਚ ਆਪਣਾ ਪੰਜਾ ਪਾਇਆ ਤੇ ਫਸ ਗਿਆ। ਫਿਰ ਲੂੰਬੜੀ ਦੌੜ ਗਈ, ਸਾਰੇ ਜਾਨਵਰਾਂ ਨੂੰ ਸੱਦ ਲਿਆਈ ਤੇ ਬਾਂਦਰ ਵੱਲ ਇਸ਼ਾਰਾ ਕਰਦਿਆਂ ਬੋਲੀ :

"ਦੇਖੋ ਤਾਂ, ਤੁਸੀਂ ਕਿੱਦਾਂ ਦਾ ਪ੍ਰਧਾਨ ਚੁਣ ਲਿਆ ਹੈ, ਇਸ ਨੂੰ ਤਾਂ ਜ਼ਰਾ ਵੀ ਅਕਲ ਨਹੀਂ ਹੈ, ਫੰਧੇ ਵਿਚ ਫਸ ਗਿਆ ਹੈ।"

# ਬਿੱਲਾ ਤੇ ਘੰਟੀ

ਇਕ ਬਿੱਲੇ ਦੇ ਕਾਰਨ ਚੂਹਿਆਂ ਦਾ ਨੱਕ ਵਿਚ ਦਮ ਆ ਗਿਆ। ਉਹ ਰੋਜ਼ਾਨਾ ਦੋ-ਤਿੰਨ ਚੂਹੇ ਖਾ ਜਾਂਦਾ ਸੀ। ਚੂਹਿਆਂ ਨੇ ਆਪਣੀ ਸਭਾ ਬੁਲਾਈ ਤੇ ਵਿਚਾਰ ਕਰਨ ਲੱਗੇ ਕਿ ਬਿੱਲੇ ਤੋਂ ਕਿਵੇਂ ਬਚੀਏ ? ਉਹ ਸੋਚਦੇ ਰਹੇ—ਪਰ ਉਨ੍ਹਾਂ ਦੀ ਸਮਝ ਵਿਚ ਕੋਈ ਉਪਾਅ ਨਾ ਆਇਆ।

ਫਿਰ ਇਕ ਛੋਟਾ ਜਿਹਾ ਚੂਹਾ ਬੋਲਿਆ :

"ਮੈਂ ਤੁਹਾਨੂੰ ਬਿੱਲੇ ਤੋਂ ਬਚਣ ਦੀ ਜੁਗਤ ਦੱਸਦਾ ਹਾਂ। ਅਸੀਂ ਇਸ ਲਈ ਮਾਰੇ ਜਾਂਦੇ ਹਾਂ ਕਿ ਸਾਨੂੰ ਉਸ ਦੇ ਆਪਣੇ ਕੋਲ ਆਉਣ ਦਾ ਪਤਾ ਨਹੀਂ ਲਗਦਾ। ਬਿੱਲੇ ਦੇ ਗਲੇ ਵਿਚ ਘੰਟੀ ਬੰਨ੍ਹ ਦੇਣੀ ਚਾਹੀਦੀ ਹੈ, ਤਾਂ ਕਿ ਉਹ ਟਨਟਨ ਵੱਜਦੀ ਰਹੇ। ਅਜਿਹਾ ਹੋਣ 'ਤੇ ਜਦੋਂ ਵੀ ਉਹ ਸਾਡੇ ਕੋਲ ਆਵੇਗਾ, ਸਾਨੂੰ ਘੰਟੀ ਸੁਣਾਈ ਦੇ ਜਾਵੇਗੀ ਤੇ ਅਸੀਂ ਦੌੜ ਜਾਵਾਂਗੇ।"

"ਤੇਰੀ ਇਹ ਸਲਾਹ ਬਹੁਤ ਵਧੀਆ ਹੈ," ਇਕ ਬੁੱਢੇ ਚੂਹੇ ਨੇ ਕਿਹਾ, "ਪਰ ਬਿੱਲੇ ਦੇ ਗਲ਼ੇ ਕਿਸੇ ਨੂੰ ਘੰਟੀ ਤਾਂ ਬੰਨ੍ਹਣੀ ਚਾਹੀਦੀ ਹੈ। ਤੂੰ ਤਰਕੀਬ ਤਾਂ ਵਧੀਆ ਸੋਚੀ ਹੈ, ਪਰ ਅਸੀਂ ਤੈਨੂੰ ਤਾਂ ਹੀ ਧੰਨਵਾਦ ਦੇਵਾਂਗੇ ਜਦੋਂ ਤੂੰ ਬਿੱਲੀ ਦੇ ਗਲ਼ੇ ਵਿਚ ਘੰਟੀ ਬੰਨ੍ਹ ਦੇਵੇਂਗਾ।"

# ਸ਼ੇਰ ਤੇ ਖੋਤਾ

ਇਕ ਵਾਰ ਸ਼ੇਰ ਸ਼ਿਕਾਰ ਲਈ ਨਿਕਲਿਆ ਤਾਂ ਉਸ ਨੇ ਆਪਣੇ ਨਾਲ ਖੋਤੇ ਨੂੰ ਲੈ ਲਿਆ ਤੇ ਉਸ ਨੂੰ ਆਖਿਆ :

"ਖੋਤੇ, ਤੂੰ ਜੰਗਲ ਵਿਚ ਜਾ ਕੇ ਪੂਰੇ ਜ਼ੋਰ ਨਾਲ ਹੀਂਘ। ਤੇਰਾ ਗਲ਼ਾ ਕਾਫੀ ਵੱਡਾ ਹੈ। ਤੇਰੇ ਹੀਂਘਣ ਨਾਲ ਜੋ ਵੀ ਜਾਨਵਰ ਡਰ ਕੇ ਦੌੜੇਗਾ, ਮੈਂ ਉਸ ਨੂੰ ਝਪਟ ਲਵਾਂਗਾ।"

ਖੋਤੇ ਨੇ ਅਜਿਹਾ ਹੀ ਕੀਤਾ। ਉਹ ਬਹੁਤ ਜ਼ੋਰ ਨਾਲ ਹੀਂਘਣ ਲੱਗਾ ਤੇ ਤੇ ਜਾਨਵਰ ਆਪਣੀ ਸੁਧ-ਬੁਧ ਭੁੱਲ ਕੇ ਦੌੜਨ ਲੱਗੇ। ਸ਼ੇਰ ਉਨ੍ਹਾਂ ਦਾ ਸ਼ਿਕਾਰ ਕਰ ਲੈਂਦਾ ਸੀ। ਸ਼ਿਕਾਰ ਖਤਮ ਹੋਣ 'ਤੇ ਸ਼ੇਰ ਨੇ ਖੋਤੇ ਨੂੰ ਕਿਹਾ :



"ਸ਼ਾਬਾਸ਼ ਤੇਰੇ, ਤੂੰ ਬਹੁਤ ਵਧੀਆ ਹੀਂਘਿਆ।"

ਉਦੋਂ ਤੋਂ ਖੋਤਾ ਇਸੇ ਤਰ੍ਹਾਂ ਹੀਂਘਦਾ ਅਤੇ ਉਡੀਕ ਕਰਦਾ ਰਹਿੰਦਾ ਹੈ ਕਿ ਕੋਈ ਉਹਦੀ ਸਿਫ਼ਤ ਕਰੇ।

# ਭੇੜੀਆ ਤੇ ਲੂੰਬੜੀ



ਇਕ ਭੇੜੀਆ ਕੁੱਤਿਆਂ ਤੋਂ ਬਚ ਕੇ ਭੱਜ ਰਿਹਾ ਸੀ ਤੇ ਉਸ ਨੇ ਇਕ ਖੁੱਡ ਵਿਚ ਲੁਕ ਜਾਣਾ ਚਾਹਿਆ। ਖੁੱਡ ਵਿਚ ਇਕ ਲੂੰਬੜੀ ਬੈਠੀ ਸੀ। ਉਸ ਨੇ ਭੇੜੀਏ ਨੂੰ ਆਪਣੇ ਦੰਦ ਵਿਖਾਉਂਦਿਆਂ ਆਖਿਆ :

"ਮੈਂ ਤੈਨੂੰ ਇਥੇ ਨਹੀਂ ਆਉਣ ਦਿਆਂਗੀ...ਇਹ ਮੇਰੀ ਜਗਹ ਹੈ।"

ਭੇੜੀਏ ਨੇ ਉਸ ਨਾਲ ਬਹਿਸ ਨਾ ਕਰ ਕੇ ਸਿਰਫ ਇਕੋ ਜਵਾਬ ਦਿੱਤਾ :

"ਜੇ ਕੁੱਤੇ ਇੰਨੇ ਨੇੜੇ ਨਾ ਹੁੰਦੇ ਤਾਂ ਮੈਂ ਤੈਨੂੰ ਦੱਸਦਾ ਕਿ ਇਹ ਕਿਸ ਦੀ ਜਗਹ ਹੈ। ਪਰ ਹੁਣ ਤਾਂ ਸ਼ਾਇਦ ਤੇਰੀ ਗੱਲ ਹੀ ਠੀਕ ਹੈ।"

# ਲੂੰਬੜੀ ਤੇ ਭੇੜੀਆ

ਪਿੱਸੂਆਂ ਨੇ ਇਕ ਲੂੰਬੜੀ ਦਾ ਬੁਰਾ ਹਾਲ ਕੀਤਾ ਹੋਇਆ ਸੀ। ਉਸ ਨੇ ਪਿੱਸੂਆਂ ਤੋਂ ਖਹਿੜਾ ਛੁਡਾਉਣ ਲਈ ਇਕ ਤਰਕੀਬ ਸੋਚੀ। ਉਹ ਨਦੀ ਉਤੇ ਗਈ ਤੇ ਬਹੁਤ ਹੌਲੀ-ਹੌਲੀ ਆਪਣੀ ਪੂਛ
50 ਪਾਣੀ ਵਿਚ ਪਾਉਣ ਲੱਗੀ। ਪਿੱਸੂ ਉਹਦੀ ਪੂਛ ਤੋਂ ਨਿਕਲ ਕੇ ਉਹਦੀ ਪਿੱਠ ਉਤੇ ਆ ਗਏ। ਫਿਰ ਲੂੰਬੜੀ ਆਪਣੀਆਂ ਪਿਛਲੀਆਂ ਲੱਤਾਂ ਨੂੰ ਪਾਣੀ 'ਚ ਡੁਬੋਣ ਲੱਗੀ। ਪਿੱਸੂ ਉਹਦੀ ਪਿੱਠ ਉਤੇ ਤੇ ਅੱਗੇ-ਅੱਗੇ, ਧੌਣ ਅਤੇ ਸਿਰ ਉਤੇ ਜਾਣ ਲੱਗੇ। ਲੂੰਬੜੀ ਹੋਰ ਡੂੰਘਾਈ ਵਿਚ ਚਲੇ ਗਈ ਅਤੇ ਸਿਰਫ ਉਹਦਾ ਸਿਰ ਹੀ ਬਾਹਰ ਦਿਖਾਈ ਦਿੰਦਾ ਰਿਹਾ। ਸਾਰੇ ਪਿੱਸੂ ਉਹਦੀ ਨੱਕ ਉਤੇ ਜਮ੍ਹਾਂ ਹੋ ਗਏ। ਫਿਰ ਲੂੰਬੜੀ ਨੇ ਪਾਣੀ ਵਿਚ ਡੁਬਕੀ ਲਾਈ। ਪਿੱਸੂ ਤੱਟ ਉਤੇ ਭੱਜ ਗਏ ਅਤੇ ਲੂੰਬੜੀ ਦੂਜੀ ਜਗਹ ਉਤੇ ਪਾਣੀ ਤੋਂ ਬਾਹਰ ਆ ਗਈ।

ਭੇੜੀਏ ਨੇ ਇਹ ਸਭ ਕੁਝ ਦੇਖਿਆ ਅਤੇ ਇਸ ਚੀਜ਼ ਨੂੰ ਹੋਰ ਵੀ ਬੇਹਤਰ ਢੰਗ ਨਾਲ ਕਰਨਾ ਚਾਹਿਆ। ਭੇੜੀਏ ਨੇ ਫੌਰਨ ਨਦੀ ਵਿਚ ਛਾਲ ਮਾਰ ਦਿੱਤੀ, ਡੂੰਘੀ ਚੁੱਭੀ ਲਾਈ ਤੇ ਇਹ ਸੋਚ ਕੇ ਪਾਣੀ ਵਿਚ ਬੈਠਾ ਰਿਹਾ ਕਿ ਉਹਦੇ ਬਦਨ ਉਤੇ ਚਿਪਕੇ ਹੋਏ ਸਾਰੇ ਪਿੱਸੂ ਮਰ ਜਾਣਗੇ। ਉਹ ਪਾਣੀ ਤੋਂ ਬਾਹਰ ਨਿਕਲਿਆ ਤਾਂ ਸਾਰੇ ਪਿੱਸੂ ਫਿਰ ਸਜੀਵ ਹੋ ਉੱਠੇ ਤੇ ਉਸ ਨੂੰ ਕੱਟਣ ਲੱਗੇ।

# ਕਿਸਾਨ ਤੇ ਕਿਸਮਤ

ਇਕ ਕਿਸਾਨ ਚਰਾਂਦ ਵਿਚ ਘਾਹ ਕੱਟਣ ਗਿਆ ਤੇ ਸੌਂ ਗਿਆ। ਉਸ ਵਕਤ ਕਿਸਮਤ ਉਥੇ ਆਈ। ਉਸ ਨੇ ਕਿਸਾਨ ਨੂੰ ਸੁੱਤਿਆਂ ਦੇਖ ਕੇ ਕਿਹਾ :

"ਇਹ ਕੰਮ ਕਰਨ ਦੀ ਬਜਾਇ ਸੌਂ ਰਿਹਾ ਏ, ਅੱਛੇ ਮੌਸਮ ਦੌਰਾਨ ਘਾਹ ਜਮ੍ਹਾਂ ਨਹੀਂ ਕਰ ਸਕੇਗਾ ਤੇ ਬਾਦ ਵਿਚ ਦੋਸ਼ ਮੈਨੂੰ ਦੇਵੇਗਾ : 'ਮੇਰੀ ਕਿਸਮਤ ਚੰਗੀ ਨਹੀਂ'।"

# ਬਾਲੜੀ ਤੇ ਟਿੱਡਾ (ਤੋਤਾ)

ਇਕ ਬਾਲੜੀ ਨੇ ਟਿੱਡਾ (ਤੋਤਾ) ਫੜ ਲਿਆ ਤੇ ਉਸ ਦੀਆਂ ਲੱਤਾਂ ਤੋੜਨੀਆਂ ਚਾਹੀਆਂ। ਬਾਲੜੀ ਦੇ ਪਿਤਾ ਬੋਲੇ :

"ਪਹੁ ਫੁੱਟਣ ਵੇਲੇ ਇਹ ਹੀ ਟਿੱਡੇ (ਤੋਤੇ) ਗਾਉਂਦੇ ਹਨ।"

ਬਾਲੜੀ ਨੂੰ ਉਨ੍ਹਾਂ ਦਾ ਗਾਣਾ ਯਾਦ ਆ ਗਿਆ ਅਤੇ ਉਸ ਨੇ ਟਿੱਡੇ ਨੂੰ ਛੱਡ ਦਿੱਤਾ।

# ਸੇਹ ਤੇ ਜ਼ਹਿਰੀਲਾ ਸੱਪ

ਇਕ ਸੇਹ ਜ਼ਹਿਰੀਲੇ ਸੱਪ ਕੋਲ ਗਈ ਤੇ ਬੋਲੀ :

"ਭਾਈ, ਮੈਨੂੰ ਕੁਝ ਦੇਰ ਲਈ ਆਪਣੀ ਖੁੱਡ ਵਿਚ ਰਹਿ ਲੈਣ ਦੇ।"

ਜ਼ਹਿਰੀਲੇ ਸੱਪ ਨੇ ਉਸ ਨੂੰ ਆਪਣੀ ਖੁੱਡ ਵਿਚ ਆ ਲੈਣ ਦਿੱਤਾ। ਸੇਹ ਦੇ ਬਿੱਲ ਵਿਚ ਆਉਣ ਨਾਲ ਜ਼ਹਿਰੀਲੇ ਸੱਪ ਦੇ ਬੱਚਿਆਂ ਦਾ ਜੀਣਾ ਹਰਾਮ ਹੋ ਗਿਆ। ਜ਼ਹਿਰੀਲੇ ਸੱਪ ਨੇ ਉਸ ਨੂੰ ਕਿਹਾ :

"ਮੈਂ ਤੈਨੂੰ ਕੁਝ ਦੇਰ ਲਈ ਖੁੱਡ ਵਿਚ ਆਉਣ ਦਿੱਤਾ ਸੀ। ਹੁਣ ਤੂੰ ਇਥੋਂ ਚਲੀ ਜਾਹ, ਮੇਰੇ ਬੱਚਿਆਂ ਨੂੰ ਤੇਰੇ ਕੰਡੇ ਚੁੱਭਦੇ ਨੇ ਤੇ ਉਨ੍ਹਾਂ ਨੂੰ ਦਰਦ ਹੁੰਦਾ ਹੈ।"

ਸੇਹ ਨੇ ਆਖਿਆ, "ਜਿਨ੍ਹਾਂ ਨੂੰ ਦਰਦ ਹੁੰਦਾ ਹੈ, ਉਹ ਇਥੋਂ ਚਲੇ ਜਾਣ, ਮੇਰੇ ਲਈ ਤਾਂ ਇਥੇ ਹੀ ਬਹੁਤ ਮਜ਼ਾ ਹੈ।"

# ਕਾਂ ਤੇ ਘੜਾ

ਕਾਂ ਪਾਣੀ ਪੀਣਾ ਚਾਹੁੰਦਾ ਸੀ। ਵਿਹੜੇ ਵਿਚ ਪਾਣੀ ਦਾ ਘੜਾ ਪਿਆ ਸੀ, ਪਰ ਸਿਰਫ਼ ਉਸ ਦੇ ਥੱਲੇ-ਥੱਲੇ ਹੀ ਪਾਣੀ ਸੀ। ਕਾਂ ਵਾਸਤੇ ਉਸ ਨੂੰ ਪੀਣਾ ਸੰਭਵ ਨਹੀਂ ਸੀ। ਉਹ ਘੜੇ ਵਿਚ ਕੰਕਰ ਪਾਉਣ ਲੱਗਾ ਅਤੇ ਉਸ ਨੇ ਇੰਨੇ ਕੰਕਰ ਪਾ ਦਿੱਤੇ ਕਿ ਪਾਣੀ ਉੱਪਰ ਆ ਗਿਆ ਅਤੇ ਉਸ ਨੇ ਉਸ ਨੂੰ ਪੀ ਲਿਆ।

# ਪੰਛੀ

ਕਿਸੇ ਰੁੱਖ ਦੀ ਟਹਿਣੀ ਦੀ ਸ਼ਾਖ ਉਤੇ ਇਕ ਪੰਛੀ ਬੈਠਾ ਸੀ। ਭੁੰਜੇ ਘਾਹ ਵਿਚ ਇਕ ਦਾਣਾ ਪਿਆ ਸੀ। ਪੰਛੀ ਨੇ ਮਨ ਵਿਚ ਸੋਚਿਆ :

"ਮੈਂ ਥੱਲੇ ਜਾ ਕੇ ਇਸ ਦਾਣੇ ਨੂੰ ਚੁਗ ਲੈਂਦਾ ਹਾਂ।"

ਉਹ ਹੇਠਾਂ ਗਿਆ ਤੇ ਜਾਲ ਵਿਚ ਫਸ ਗਿਆ।

"ਇਹ ਵੀ ਕੋਈ ਗੱਲ ਹੋਈ ?" ਪੰਛੀ ਬੋਲ ਪਿਆ। "ਬਾਜ਼ ਤਾਂ ਜਿਊਂਦੇ ਪੰਛੀਆਂ ਨੂੰ ਫੜ ਲੈਂਦੇ ਹਨ ਅਤੇ ਉਨ੍ਹਾਂ ਨੂੰ ਕੁਝ ਨਹੀਂ ਹੁੰਦਾ, ਪਰ ਮੈਂ ਸਿਰਫ ਇਕ ਦਾਣੇ ਲਈ ਮੁਸੀਬਤ ਵਿਚ ਫਸ ਗਿਆ।"

# ਝੂਠਾ ਲੜਕਾ

ਇਕ ਲੜਕਾ ਭੇਡਾਂ ਦਾ ਇੱਜੜ ਚਰਾਉਂਦਾ ਸੀ। ਉਸ ਨੇ ਜਿਵੇਂ ਇਹ ਮੰਨਦਿਆਂ ਹੋਇਆਂ ਕਿ ਉਸ ਨੂੰ ਭੇੜੀਆ ਦਿਖਾਈ ਦਿੱਤਾ ਹੈ, ਉੱਚੀ-ਉੱਚੀ ਬੋਲਣਾ ਸ਼ੁਰੂ ਕੀਤਾ :

"ਮਦਦ ਕਰੋ, ਭੇੜੀਆ ਆ ਗਿਆ, ਭੇੜੀਆ ਆ ਗਿਆ !"

ਕਿਸਾਨ ਭੱਜ ਕੇ ਆਏ ਅਤੇ ਉਨ੍ਹਾਂ ਦੇਖਿਆ ਕਿ ਲੜਕੇ ਨੇ ਝੂਠ ਬੋਲਿਆ ਹੈ। ਲੜਕੇ ਨੇ ਦੋ-ਤਿੰਨ ਵੇਰ ਇਉਂ ਹੀ ਕੀਤਾ ਤੇ ਅਗਲੀ ਵਾਰ ਤਾਂ ਸਚਮੁਚ ਹੀ ਭੇੜੀਆ ਆ ਗਿਆ।

ਲੜਕਾ ਉੱਚੀ-ਉੱਚੀ ਬੋਲਣ ਲੱਗਾ :

ਕਿਸਾਨਾਂ ਨੇ ਸੋਚਿਆ ਕਿ ਉਹ ਪਹਿਲਾਂ ਵਾਂਗ ਇਸ ਵਾਰ ਵੀ ਉਨ੍ਹਾਂ ਨੂੰ ਧੋਖਾ ਦੇ ਰਿਹਾ ਹੈ ਅਤੇ ਕੋਈ ਵੀ ਉਸ ਦੀ ਮਦਦ ਨੂੰ ਨਾ ਆਇਆ। ਭੇੜੀਏ ਨੇ ਦੇਖਿਆ ਕਿ ਉਸ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ ਅਤੇ ਉਸ ਨੇ ਸਾਰੀਆਂ ਭੇਡਾਂ ਮਾਰ ਸੁੱਟੀਆਂ।

# ਕੀੜੀ ਤੇ ਕਬੂਤਰੀ

ਇਕ ਕੀੜੀ ਨੂੰ ਪਿਆਸ ਲੱਗੀ ਤਾਂ ਉਹ ਨਦੀ ਦੇ ਤੱਟ ਉਤੇ ਗਈ। ਉਸ ਵਕਤ ਜ਼ੋਰ ਦੀ ਲਹਿਰ ਆਈ ਅਤੇ ਉਹ ਡੁੱਬਦੀ-ਡੁੱਬਦੀ ਬਚੀ। ਇਕ ਕਬੂਤਰੀ ਚੁੰਝ ਵਿਚ ਇਕ ਤਿਣਕਾ ਫੜੀ ਉੱਡੀ ਜਾ ਰਹੀ ਸੀ। ਉਸ ਨੇ ਦੇਖਿਆ ਕਿ ਕੀੜੀ ਡੁੱਬ ਰਹੀ ਹੈ—ਉਸ ਨੇ ਉਹਨੂੰ ਬਚਾਉਣ ਲਈ ਤਿਣਕੇ ਨੂੰ ਹੇਠਾਂ ਸੁੱਟਿਆ। ਕੀੜੀ ਉਹਦੇ ਉਤੇ ਚੜ੍ਹ ਗਈ ਅਤੇ ਇਸ ਤਰ੍ਹਾਂ ਉਸ ਦੀ ਜਾਨ ਬਚ ਗਈ। ਕੁਝ ਸਮੇਂ ਬਾਅਦ ਇਕ ਸ਼ਿਕਾਰੀ ਨੇ ਕਬੂਤਰੀ ਨੂੰ ਫੜਨ ਲਈ ਜਾਲ ਵਿਛਾਇਆ। ਕੀੜੀ ਰੀਂਗਦੀ ਹੋਈ ਸ਼ਿਕਾਰੀ ਕੋਲ ਗਈ—ਉਹ ਜ਼ੋਰ ਨਾਲ ਉਹਦੀ ਲੱਤ ਉਤੇ ਲੜ ਗਈ। ਸ਼ਿਕਾਰੀ ਦਰਦ ਨਾਲ ਵਿਲਕ ਪਿਆ, ਉਸਦੇ ਹੱਥੋਂ ਜਾਲ ਛੁੱਟ ਗਿਆ। ਕਬੂਤਰੀ ਨੇ ਪਰ ਫੜਫੜਾਏ ਤੇ ਉੱਡ ਗਈ।

# ਕਾਂ ਤੇ ਕਬੂਤਰ

ਇਕ ਕਾਂ ਨੇ ਇਹ ਦੇਖਿਆ ਕਿ ਕਬੂਤਰਾਂ ਨੂੰ ਬਹੁਤ ਚੰਗੀ ਤਰ੍ਹਾਂ ਖੁਆਇਆ-ਪਿਆਇਆ ਜਾਂਦਾ ਹੈ। ਉਸ ਨੇ ਆਪਣੇ ਆਪ ਨੂੰ ਚਿੱਟੇ ਰੰਗ ਵਿਚ ਰੰਗ ਲਿਆ ਤੇ ਕਬੂਤਰਖ਼ਾਨੇ ਵਿਚ ਚਲਾ ਗਿਆ। ਕਬੂਤਰਾਂ ਨੇ ਸ਼ੁਰੂ ਵਿਚ ਇਹ ਸੋਚਿਆ ਕਿ ਉਹ ਉਨ੍ਹਾਂ ਵਰਗਾ ਹੀ ਕਬੂਤਰ ਹੈ ਅਤੇ ਉਸ ਨੂੰ ਆਪਣੇ ਉਥੇ ਆਉਣ ਦਿੱਤਾ। ਪਰ ਕਾਂ ਇਹ ਭੁੱਲ ਗਿਆ ਕਿ ਉਹ ਕਬੂਤਰ ਬਣਿਆ ਹੋਇਆ, ਕਾਂ ਵਾਂਗ ਕਾਂ-ਕਾਂ ਕਰਨ ਲੱਗਾ। ਫਿਰ ਕਬੂਤਰਾਂ ਨੇ ਚੁੰਝਾਂ ਮਾਰ-ਮਾਰ ਉਸ ਨੂੰ ਨਸਾ ਦਿੱਤਾ। ਕਾਂ ਆਪਣੇ ਕਾਵਾਂ ਵਿਚਾਲੇ ਵਾਪਸ ਆ ਗਿਆ, ਪਰ ਕਾਂ ਇਹ ਦੇਖ ਕੇ ਕਿ ਉਹ ਚਿੱਟੇ ਰੰਗ ਦਾ ਹੈ, ਉਸ ਤੋਂ ਡਰ ਗਏ ਅਤੇ ਉਨ੍ਹਾਂ ਨੇ ਵੀ ਉਸ ਨੂੰ ਦੂਰ ਭਜਾ ਦਿੱਤਾ।

# ਕੱਛੂਕੁੰਮਾ ਤੇ ਉਕਾਬ

ਇਕ ਕੱਛੂਕੁੰਮਾ ਉਕਾਬ ਦੇ ਤਰਲੇ ਕਰਨ ਲੱਗਾ ਕਿ ਉਹ ਉਸ ਨੂੰ ਉੱਡਣਾ ਸਿਖਾ ਦੇਵੇ। ਉਕਾਬ ਨੇ ਉਸ ਨੂੰ ਸਮਝਾਇਆ ਕਿ ਹਵਾ ਵਿਚ ਉੱਡਣਾ ਕੱਛੂਕੁੰਮਿਆਂ ਦਾ ਕੰਮ ਨਹੀਂ। ਪਰ ਕੱਛੂਕੁੰਮਾ ਲਗਾਤਾਰ ਉਹਦੀਆਂ ਮਿੰਨਤਾਂ ਕਰਦਾ ਰਿਹਾ। ਫਿਰ ਉਕਾਬ ਕੱਛੂ ਨੂੰ ਆਪਣੇ ਪੰਜਿਆਂ ਵਿਚ ਚੁੱਕ ਕੇ ਆਕਾਸ਼ ਵਿਚ ਲੈ ਗਿਆ ਤੇ ਹਵਾ ਵਿਚ ਛੱਡ ਦਿੱਤਾ। ਕੱਛੂਕੁੰਮਾ ਪੱਥਰਾਂ ਉਤੇ ਡਿੱਗਿਆ ਤੇ ਟੋਟੇ-ਟੋਟੇ ਹੋ ਗਿਆ।

## ਖੋਤਾ ਤੇ ਘੋੜਾ

ਇਕ ਆਦਮੀ ਕੋਲ ਇਕ ਖੋਤਾ ਤੇ ਇਕ ਘੋੜਾ ਸੀ। ਉਹ ਸੜਕ ਉਤੇ ਤੁਰੇ ਜਾ ਰਹੇ ਸਨ। ਖੋਤੇ ਨੇ ਘੋੜੇ ਨੂੰ ਕਿਹਾ :

"ਮੇਰੇ 'ਤੇ ਬਹੁਤ ਜ਼ਿਆਦਾ ਵਜ਼ਨ ਲੱਦਿਆ ਹੋਇਆ ਹੈ। ਮੈਂ ਇਸ ਨੂੰ ਲਿਜਾ ਨਹੀਂ ਸਕਾਂਗਾ। ਥੋੜ੍ਹਾ ਜਿਹਾ ਤੂੰ ਲੈ ਲੈ।"

ਘੋੜੇ ਨੇ ਉਹਦੀ ਗੱਲ ਨਾ ਮੰਨੀ। ਬਹੁਤ ਜ਼ਿਆਦਾ ਵਜ਼ਨ ਦੀ ਵਜਹ ਨਾਲ ਖੋਤਾ ਡਿੱਗ-ਡਿੱਗ ਕੇ ਮਰ ਗਿਆ। ਮਾਲਕ ਨੇ ਖੋਤੇ ਦੀ ਪਿੱਠ ਉਤੇ ਲੱਦਿਆ ਹੋਇਆ ਸਾਰਾ ਵਜ਼ਨ ਤੇ ਨਾਲ ਹੀ ਖੋਤੇ ਦੀ ਖੱਲ ਵੀ ਘੋੜੇ ਦੀ ਪਿੱਠ ਉਤੇ ਲੱਦ ਦਿੱਤੀ। ਤਦ ਘੋੜੇ ਨੇ ਦੁਖੀ ਹੁੰਦਿਆਂ ਕਿਹਾ :

"ਓਏ, ਮੈਂ ਵਿਚਾਰਾ ਕਿਸਮਤ ਦਾ ਮਾਰਿਆ। ਮੈਂ ਖੋਤੇ ਦਾ ਥੋੜ੍ਹਾ ਜਿਹਾ ਵਜ਼ਨ ਵੀ ਆਪਣੀ ਪਿੱਠ ਉੱਤੇ ਨਹੀਂ ਲੈਣਾ ਚਾਹਿਆ ਸੀ ਤੇ ਹੁਣ ਮੈਨੂੰ ਉਸ ਦਾ ਸਾਰਾ ਵਜ਼ਨ ਤੇ ਨਾਲ ਹੀ ਉਹਦੀ ਖੱਲ ਵੀ ਲਿਜਾਉਣੀ ਪੈ ਰਹੀ ਹੈ।"

# ਸ਼ੇਰ ਤੇ ਚੂਹਾ

ਇਕ ਸ਼ੇਰ ਸੌਂ ਰਿਹਾ ਸੀ। ਇਕ ਚੂਹਾ ਉਹਦੇ ਬਦਨ ਉਤੋਂ ਦੀ ਦੌੜ ਗਿਆ। ਸ਼ੇਰ ਜਾਗ ਗਿਆ ਤੇ ਉਹਨੇ ਚੂਹੇ ਨੂੰ ਫੜ ਲਿਆ। ਚੂਹਾ ਉਹਦੀ ਮਿੰਨਤ ਕਰਨ ਲੱਗਾ ਕਿ ਉਹਨੂੰ ਛੱਡ ਦੇਵੇ, ਚੂਹੇ ਨੇ ਕਿਹਾ :

‘‘ਜੇ ਤੁਸੀਂ ਮੈਨੂੰ ਛੱਡ ਦਿਓਗੇ ਤਾਂ ਮੈਂ ਵੀ ਕਦੀ ਤੁਹਾਡੇ ਕੰਮ ਆ ਜਾਵਾਂਗਾ।’’

ਇਹ ਸੁਣ ਕੇ ਸ਼ੇਰ ਹੱਸ ਪਿਆ, ਭਲਾ ਚੂਹਾ ਉਹਦੇ ਕਿਸ ਕੰਮ ਆ ਸਕਦਾ ਹੈ ? ਫਿਰ ਵੀ ਉਹਨੇ ਚੂਹੇ ਨੂੰ ਛੱਡ ਦਿੱਤਾ।

ਕੁਝ ਸਮੇਂ ਬਾਅਦ ਸ਼ਿਕਾਰੀਆਂ ਨੇ ਸ਼ੇਰ ਨੂੰ ਫੜ ਲਿਆ ਤੇ ਰੱਸਿਆਂ ਨਾਲ ਉਹਨੂੰ ਦਰਖਤ ਨਾਲ ਬੰਨ੍ਹ ਦਿੱਤਾ। ਚੂਹੇ ਨੇ ਸ਼ੇਰ ਨੂੰ ਦਹਾੜਦਿਆਂ ਸੁਣਿਆ ਤੇ ਦੌੜਦਾ ਹੋਇਆ ਉਥੇ ਪਹੁੰਚਿਆ ਅਤੇ ਦੰਦਾਂ ਨਾਲ ਰੱਸਿਆਂ ਨੂੰ ਟੁੱਕ-ਟੁੱਕ ਕੇ ਸ਼ੇਰ ਨੂੰ ਆਜ਼ਾਦ ਕਰ ਦਿੱਤਾ।

"ਤੁਹਾਨੂੰ ਯਾਦ ਹੈ ਨਾ ਕਿ ਮੇਰੇ ਇਹ ਕਹਿਣ ਉਤੇ ਕਿ ਮੈਂ ਵੀ ਕਦੀ ਤੁਹਾਡੇ ਕੰਮ ਆ ਸਕਦਾ ਹਾਂ, ਤੁਸੀਂ ਹੱਸ ਪਏ ਸੀ ? ਪਰ ਹੁਣ ਦੇਖ ਰਹੇ ਹੋ ਨਾ ਕਿ ਚੂਹਾ ਵੀ ਕੋਈ ਨੇਕੀ ਕਰ ਸਕਦਾ ਹੈ।"

# ਕਿਸਾਨ ਔਰਤ ਅਤੇ ਕੁਕੜੀ

ਇਕ ਕੁਕੜੀ ਹਰ ਦਿਨ ਇਕ ਆਂਡਾ ਦਿੰਦੀ ਸੀ। ਉਹਦੀ ਮਾਲਕਣ ਨੇ ਸੋਚਿਆ ਕਿ ਜੇ ਉਹ ਬਹੁਤ ਜ਼ਿਆਦਾ ਖੁਰਾਕ ਦੇਣ ਲੱਗੇ ਤਾਂ ਕੁਕੜੀ ਰੋਜ਼ਾਨਾ ਦੋ ਆਂਡੇ ਦੇਣ ਲੱਗੇਗੀ। ਉਸ ਨੇ ਅਜਿਹਾ ਹੀ ਕੀਤਾ। ਕੁਕੜੀ ਬੇਹੱਦ ਮੋਟੀ ਹੋ ਗਈ ਤੇ ਉਸ ਨੇ ਆਂਡੇ ਦੇਣੇ ਬਿਲਕੁਲ ਹੀ ਬੰਦ ਕਰ ਦਿੱਤੇ।

# ਮੁਰਗੀ ਤੇ ਸੋਨੇ ਦੇ ਆਂਡੇ

ਕਿਸੇ ਆਦਮੀ ਦੀ ਮੁਰਗੀ ਸੋਨੇ ਦੇ ਆਂਡੇ ਦਿੰਦੀ ਸੀ। ਉਸ ਨੇ ਇਕ ਵਾਰ ਬਹੁਤ ਸਾਰਾ ਸੋਨਾ ਪ੍ਰਾਪਤ ਕਰਨਾ ਚਾਹਿਆ ਤੇ ਇਹ ਮੰਨਦਿਆਂ ਹੋਇਆਂ ਮੁਰਗੀ ਦੇ ਅੰਦਰ ਸੋਨੇ ਦਾ ਬਹੁਤ ਵੱਡਾ ਡਲਾ ਹੈ, ਉਸ ਨੂੰ ਮਾਰ ਦਿੱਤਾ। ਪਰ ਅੰਦਰੋਂ ਉਹ ਮੁਰਗੀ ਬਾਕੀ ਮੁਰਗੀਆਂ ਵਰਗੀ ਹੀ ਸੀ।

# ਕੁੱਤਾ, ਕੁੱਕੜ ਤੇ ਲੂੰਬੜੀ

ਇਕ ਕੁੱਤਾ ਤੇ ਕੁੱਕੜ ਸਫ਼ਰ 'ਤੇ ਗਏ। ਰਾਤ ਹੋਣ 'ਤੇ ਕੁੱਕੜ ਦਰਖ਼ਤ 'ਤੇ ਚੜ੍ਹ ਕੇ ਸੌਂ ਗਿਆ ਅਤੇ ਕੁੱਤਾ ਉਸੇ ਦਰਖ਼ਤ ਹੇਠਾਂ ਉਸ ਦੀਆਂ ਜੜ੍ਹਾਂ ਵਿਚਾਲੇ। ਪਹੁ-ਫੁੱਟਣ ਵੇਲੇ ਕੁੱਕੜ ਨੇ ਬਾਂਗ ਦਿੱਤੀ। ਲੂੰਬੜੀ ਨੇ ਕੁੱਕੜ ਦੀ ਬਾਂਗ ਸੁਣੀ ਤੇ ਦੌੜਦੀ ਹੋਈ ਦਰਖ਼ਤ ਕੋਲ ਆਈ ਤੇ ਉਸ ਨੂੰ ਬੇਨਤੀ ਕਰਨ ਲੱਗੀ ਕਿ ਉਹ ਹੇਠਾਂ ਆ ਜਾਵੇ, ਕਿਉਂਕਿ ਉਹ ਉਸ ਦੀ ਇੰਨੀ ਵਧੀਆ ਆਵਾਜ਼ ਲਈ ਉਹਨੂੰ ਆਦਰ ਦੇਣਾ ਚਾਹੁੰਦੀ ਹੈ। ਕੁੱਕੜ ਨੇ ਜਵਾਬ ਦਿੱਤਾ :

"ਪਹਿਲਾਂ ਚੌਂਕੀਦਾਰ ਨੂੰ ਜਗਾਉਣਾ ਚਾਹੀਦਾ ਹੈ, ਉਹ ਜੜ੍ਹਾਂ ਉਤੇ ਸੌਂ ਰਿਹਾ ਹੈ। ਉਸ ਦੇ ਜਾਗ ਜਾਣ ਮਗਰੋਂ ਮੈਂ ਹੇਠਾਂ ਆ ਜਾਵਾਂਗਾ।"

ਲੂੰਬੜੀ ਚੌਂਕੀਦਾਰ ਨੂੰ ਲੱਭਣ ਲੱਗੀ ਤੇ ਭੌਂਕਣ ਲੱਗੀ। ਉਸੇ ਵਕਤ ਕੁੱਤਾ ਬੜੀ ਫੁਰਤੀ ਨਾਲ ਖੜ੍ਹਾ ਹੋਇਆ ਤੇ ਉਸ ਨੇ ਲੂੰਬੜੀ ਨੂੰ ਦਬੋਚ ਲਿਆ।

# ਗੰਧਮਾਰਜਰ (ਬਿੱਲੀ)

ਇਕ ਗੰਧਮਾਰਜਰ ਠਠੇਰੇ ਦੇ ਉਥੇ ਜਾ ਕੇ ਰੇਤੀ ਨੂੰ ਚੱਟਣ ਲੱਗੀ। ਉਹਦੀ ਜੀਭ 'ਚੋਂ ਲਹੂ ਵਗਣ ਲੱਗਾ। ਪਰ ਗੰਧਮਾਰਜਰ ਇਹ ਸਮਝਦਿਆਂ ਹੋਇਆਂ ਕਿ ਰੇਤੀ 'ਚੋਂ ਲਹੂ ਨਿਕਲ ਰਿਹਾ ਹੈ, ਬਹੁਤ ਖ਼ੁਸ਼ ਹੋਈ, ਲਗਾਤਾਰ ਉਸ ਨੂੰ ਚੱਟਦੀ ਰਹੀ ਅਤੇ ਇਉਂ ਆਪਣੀ ਜੀਭ ਤੋਂ ਪੂਰੀ ਤਰ੍ਹਾਂ ਵੰਚਿਤ ਹੋ ਗਈ।

# ਸ਼ੇਰ, ਰਿੱਛ ਤੇ ਲੂੰਬੜੀ

ਇਕ ਸ਼ੇਰ ਤੇ ਇਕ ਰਿੱਛ ਨੂੰ ਕਿਤਿਓਂ ਮਾਸ ਦਾ ਇਕ ਵੱਡਾ ਟੁਕੜਾ ਮਿਲ ਗਿਆ ਤੇ ਓਹ ਦੋਵੇਂ ਇਸ ਦੇ ਲਈ ਲੜਨ ਲੱਗੇ। ਨਾ ਰਿੱਛ ਤੇ ਨਾ ਹੀ ਸ਼ੇਰ ਉਸ ਨੂੰ ਛੱਡਣ ਨੂੰ ਤਿਆਰ ਸੀ। ਉਹ ਦੋਵੇਂ ਇੰਨੀ ਦੇਰ ਤਕ ਲੜਦੇ ਰਹੇ ਕਿ ਬੇਹੱਦ ਥੱਕ ਗਏ ਤੇ ਆਰਾਮ ਲਈ ਲੰਮੇ ਪੈ ਗਏ। ਲੂੰਬੜੀ ਨੇ ਉਨ੍ਹਾਂ ਵਿਚਾਲੇ ਮਾਸ ਦਾ ਟੁਕੜਾ ਪਿਆ ਦੇਖਿਆ ਤੇ ਉਸ ਨੂੰ ਝਪਟ ਲਿਆ ਤੇ ਦੌੜ ਗਈ।

## ਭੇੜੀਆ ਤੇ ਬੁੱਢੀ

ਇਕ ਭੁੱਖਾ ਭੇੜੀਆ ਆਪਣੇ ਲਈ ਖਰਾਕ ਤਲਾਸ਼ ਰਿਹਾ ਸੀ। ਪਿੰਡ ਦੇ ਕਿਨਾਰੇ ਉਤੇ ਇਕ ਝੌਂਪੜੀ ਅੰਦਰ ਲੜਕੇ ਨੂੰ ਰੋਂਦਿਆਂ ਤੇ ਬੁੱਢੀ ਨੂੰ ਇਹ ਕਹਿੰਦਿਆਂ ਸੁਣਿਆ :

‘‘ਜੇ ਤੂੰ ਰੋਣਾ ਬੰਦ ਨਾ ਕੀਤਾ ਤਾਂ ਮੈਂ ਤੈਨੂੰ ਭੇੜੀਏ ਨੂੰ ਦੇ ਦਿਆਂਗੀ।’’

ਭੇੜੀਆ ਉਥੇ ਰੁਕ ਕੇ ਉਡੀਕ ਕਰਨ ਲੱਗਾ ਕਿ ਲੜਕਾ ਕਦੋਂ ਉਸ ਨੂੰ ਮਿਲੇਗਾ। ਉਡੀਕ ਕਰਦਿਆਂ-ਕਰਦਿਆਂ ਰਾਤ ਹੋ ਗਈ ਤੇ ਉਸ ਨੇ ਬੁੱਢੀ ਨੂੰ ਫਿਰ ਤੋਂ ਇਹ ਕਹਿੰਦਿਆਂ ਸੁਣਿਆ :

"ਰੋ ਨਾ ਮੇਰੇ ਬੱਚੇ ! ਮੈਂ ਤੈਨੂੰ ਭੇੜੀਏ ਨੂੰ ਨਹੀਂ ਦਿਆਂਗੀ ਅਤੇ ਜੇ ਉਹ ਆਵੇਗਾ ਤਾਂ ਅਸੀਂ ਤੁਰਤ ਉਸ ਨੂੰ ਮਾਰ ਦਿਆਂਗੇ।"

ਭੇੜੀਏ ਨੇ ਸੋਚਿਆ :

"ਲਗਦਾ ਹੈ ਕਿ ਇਥੇ ਕਥਨੀ ਇਕ ਤੇ ਕਰਨੀ ਦੂਜੀ ਹੈ।" ਤੇ ਉਹ ਪਿੰਡ ਤੋਂ ਦੂਰ ਚਲਾ ਗਿਆ।

# ਟਿੱਡਾ ਤੇ ਕੀੜੀਆਂ

ਪੱਤਝੜ ਵਿਚ ਕੀੜੀਆਂ ਦੀ ਕਣਕ ਭਿੱਜ ਗਈ ਤੇ ਉਸ ਨੂੰ ਸੁਕਾਉਣ ਲੱਗੀਆਂ। ਭੁੱਖੇ ਟਿੱਡੇ (ਤੋਤੇ) ਨੇ ਉਨ੍ਹਾਂ ਤੋਂ ਖਾਣ ਲਈ ਮੰਗਿਆ। ਕੀੜੀਆਂ ਨੇ ਉਸ ਤੋਂ ਪੁੱਛਿਆ :

"ਤੂੰ ਗਰਮੀਆਂ ਵਿਚ ਆਪਣੇ ਵਾਸਤੇ ਖੁਰਾਕ ਕਿਉਂ ਜਮ੍ਹਾਂ ਨਹੀਂ ਕੀਤੀ ?"

ਟਿੱਡੇ (ਤੋਤੇ) ਨੇ ਜਵਾਬ ਦਿੱਤਾ :

"ਫੁਰਸਤ ਨਹੀਂ ਸੀ—ਮੈਂ ਗੀਤ ਗਾਉਂਦਾ ਰਿਹਾ।"

ਕੀੜੀਆਂ ਹੱਸ ਪਈਆਂ ਤੇ ਬੋਲੀਆਂ :

"ਜੇ ਤੂੰ ਗਰਮੀਆਂ ਵਿਚ ਗਾਣੇ ਗਾਉਂਦਾ ਰਿਹਾਂ ਤਾਂ ਫਿਰ ਸਰਦੀਆਂ ਵਿਚ ਨੱਚਦਾ ਰਹਿ।"

# ਡੱਡ ਤੇ ਸ਼ੇਰ

ਸ਼ੇਰ ਨੇ ਬਹੁਤ ਜ਼ੋਰ ਦੀ ਟਰ-ਟਰ ਸੁਣ ਕੇ ਇਹ ਸੋਚਿਆ ਕਿ ਜ਼ਰੂਰ ਇਹ ਕੋਈ ਬਹੁਤ ਵੱਡਾ ਜਾਨਵਰ ਹੈ ਜੋ ਇੰਨਾ ਸ਼ੋਰ ਮਚਾ ਰਿਹਾ ਹੈ। ਉਹ ਬਹੁਤ ਦੇਰ ਤਕ ਉਡੀਕ ਕਰਦਾ ਰਿਹਾ ਅਤੇ ਫਿਰ ਉਸ ਨੇ ਇਕ ਡੱਡ ਨੂੰ ਦਲਦਲ 'ਚੋਂ ਬਾਹਰ ਆਉਂਦੀ ਦੇਖਿਆ। ਸ਼ੇਰ ਨੇ ਆਪਣੇ ਪੰਜੇ ਨਾਲ ਉਸ ਨੂੰ ਕੁਚਲ ਦਿੱਤਾ।

"ਦੇਖੋ, ਨਿੱਕੀ ਜਿਹੀ ਡੱਡ ਨੇ ਮੈਨੂੰ ਡਰਾ ਦਿੱਤਾ।"



# ਭੇੜੀਆ ਤੇ ਸਾਰਸ

ਇਕ ਭੇੜੀਏ ਦੇ ਗਲ਼ 'ਚ ਹੱਡੀ ਫਸ ਗਈ ਅਤੇ ਉਹ ਕਿਸੇ ਤਰ੍ਹਾਂ ਵੀ ਕੱਢ ਨਾ ਸਕਿਆ। ਫਿਰ ਉਸ ਨੇ ਸਾਰਸ ਨੂੰ ਬੁਲਾ ਕੇ ਕਿਹਾ :

"ਸੁਣ ਸਾਰਸ, ਤੇਰੀ ਗਰਦਨ ਬਹੁਤ ਲੰਮੀ ਹੈ, ਤੂੰ ਉਸ ਨੂੰ ਮੇਰੇ ਅੰਦਰ ਪਾ ਕੇ ਚੁੰਝ ਨਾਲ ਹੱਡੀ ਬਾਹਰ ਕੱਢ ਦੇ। ਇਸ ਬਦਲੇ ਮੈਂ ਤੈਨੂੰ ਇਨਾਮ ਦੇਵਾਂਗਾ।"

ਸਾਰਸ ਨੇ ਭੇੜੀਏ ਦੇ ਮੂੰਹ ਵਿਚ ਗਰਦਨ ਪਾ ਕੇ ਹੱਡੀ ਕੱਢੀ ਤੇ ਆਖਿਆ :

"ਹੁਣ ਇਨਾਮ।"

ਭੇੜੀਏ ਨੇ ਦੰਦ ਪੀਂਹਦਿਆਂ ਜਵਾਬ ਦਿੱਤਾ :

"ਤੇਰੇ ਲਈ ਕੀ ਇੰਨਾ ਇਨਾਮ ਘੱਟ ਹੈ ਕਿ ਜਦ ਤੇਰੀ ਗਰਦਨ ਮੇਰੇ ਦੰਦਾਂ ਦੇ ਵਿਚਾਲੇ ਸੀ ਤਾਂ ਮੈਂ ਉਸ ਨੂੰ ਕੱਟ ਥੋੜ੍ਹੇ ਲਿਆ ?"

# ਨੌਕਰਾਣੀਆਂ ਤੇ ਕੁੱਕੜ

ਇਕ ਸੁਆਣੀ ਆਪਣੀਆਂ ਨੌਕਰਾਣੀਆਂ ਨੂੰ ਰਾਤ ਨੂੰ ਹੀ ਜਗਾ ਦਿੰਦੀ ਅਤੇ ਜਿਵੇਂ ਹੀ ਮੁਰਗਾ ਬਾਂਗ ਦਿੰਦਾ, ਤਦੇ ਉਨ੍ਹਾਂ ਨੂੰ ਕੰਮ ਵਿਚ ਜੁਟਾ ਦਿੰਦੀ। ਨੌਕਰਾਣੀਆਂ ਨੂੰ ਇਹ ਚੰਗਾ ਨਾ ਲੱਗਿਆ ਤੇ ਜਿਸ ਕਰਕੇ ਉਨ੍ਹਾਂ ਨੇ ਕੁੱਕੜ ਨੂੰ ਮਾਰ ਸੁੱਟਣ ਦਾ ਇਰਾਦਾ ਬਣਾਇਆ, ਤਾਂ ਕਿ ਉਹ ਮਾਲਕਣ ਨੂੰ ਜਗਾਇਆ ਨਾ ਕਰੇ। ਉਨ੍ਹਾਂ ਨੇ ਉਸ ਨੂੰ ਮਾਰ ਸੁੱਟਿਆ, ਪਰ ਇਸ ਨਾਲ ਉਨ੍ਹਾਂ ਦੀ ਹਾਲਤ ਹੋਰ ਵੀ ਖਰਾਬ ਹੋ ਗਈ। ਮਾਲਕਣ ਇਸ ਡਰ ਨਾਲ ਕਿ ਕਿਤੇ ਦੇਰ ਤਕ ਸੁੱਤੀ ਨਾ ਰਹਿ ਜਾਵੇ, ਹੋਰ ਵੀ ਛੇਤੀ ਉੱਠਣ ਲੱਗੀ ਅਤੇ ਨੌਕਰਾਣੀਆਂ ਨੂੰ ਪਹਿਲਾਂ ਨਾਲੋਂ ਵੀ ਛੇਤੀ ਜਗਾਉਣ ਲੱਗੀ।



# ਕੁੱਤਾ ਤੇ ਉਸ ਦਾ ਪਰਛਾਵਾਂ

ਇਕ ਕੁੱਤਾ ਫੱਟੇ ਉਤੇ ਤੁਰਦਾ ਹੋਇਆ ਨਦੀ ਪਾਰ ਕਰ ਰਿਹਾ ਸੀ ਤੇ ਮੂੰਹ ਵਿਚ ਮਾਸ ਦਾ ਟੁਕੜਾ ਸੀ। ਪਾਣੀ ਵਿਚ ਉਸ ਨੂੰ ਆਪਣਾ ਪਰਛਾਵਾਂ ਦਿਸਿਆ ਤੇ ਉਸ ਨੇ ਸੋਚਿਆ ਕਿ ਇਕ ਦੂਜਾ ਕੁੱਤਾ ਮਾਸ ਲਈ ਜਾ ਰਿਹਾ ਹੈ। ਉਸ ਨੇ ਮਾਸ ਦੀ ਆਪਣੀ ਬੋਟੀ ਸੁੱਟ ਦਿੱਤੀ ਤੇ ਦੂਜੇ ਕੁੱਤੇ ਦੇ ਮੂੰਹ 'ਚੋਂ ਮਾਸ ਖੋਹ-ਖਿੱਚਣ ਲਈ ਉਸ ਉਤੇ ਝਪਟਿਆ। ਪਰ ਉਥੇ ਨਾ ਕੁੱਤਾ ਸੀ ਤੇ ਨਾ ਹੀ ਮਾਸ। ਇਸ ਦੌਰਾਨ ਉਸ ਦੇ ਮਾਸ ਨੂੰ ਲਹਿਰ ਵਹਾਅ ਕੇ ਦੂਰ ਲੈ ਗਈ।

ਇਸ ਤਰ੍ਹਾਂ ਇਹ ਕੁੱਤਾ ਮਾਸ ਤੋਂ ਬਿਨਾਂ ਹੀ ਰਹਿ ਗਿਆ।

# ਹਿਰਨ ਤੇ ਬਾਰਾਂਸਿੰਗਾ

ਇਕ ਦਿਨ ਬਾਰਾਂਸਿੰਗੇ ਨੇ ਹਿਰਨ ਨੂੰ ਕਿਹਾ :

"ਭਾਈ, ਤੂੰ ਤਾਂ ਕੁੱਤਿਆਂ ਤੋਂ ਕਿਤੇ ਵੱਡਾ ਤੇ ਜ਼ਿਆਦਾ ਫੁਰਤੀਲਾ ਵੀ ਏਂ। ਇਸ ਤੋਂ ਇਲਾਵਾ ਤੇਰੇ ਵੱਡੇ-ਵੱਡੇ ਸਿੰਗ ਨੇ ਜਿਨ੍ਹਾਂ ਨਾਲ ਤੂੰ ਆਪਣੀ ਰੱਖਿਆ ਕਰ ਸਕਦਾ ਏਂ। ਫਿਰ ਤੂੰ ਕੁੱਤਿਆਂ ਤੋਂ ਇੰਨਾ ਕਿਉਂ ਡਰਦਾ ਏਂ ?"

ਹਿਰਨ ਹੱਸ ਪਿਆ ਤੇ ਆਖਿਆ :

"ਤੂੰ ਬਿਲਕੁਲ ਠੀਕ ਕਹਿ ਰਿਹੈਂ, ਮੇਰੇ ਬੱਚੇ ! ਮੁਸੀਬਤ ਸਿਰਫ ਏਨੀ ਹੈ ਕਿ ਮੈਂ ਜਿਵੇਂ ਹੀ ਕੁੱਤਿਆਂ ਦੀ ਭੌਂਕ ਸੁਣਦਾ ਹਾਂ, ਉਵੇਂ ਹੀ ਕੁਝ ਬਿਨਾਂ ਸੋਚੇ ਭੱਜਣ ਲੱਗ ਪੈਂਦਾ ਹਾਂ।"

# ਲੂੰਬੜੀ ਤੇ ਅੰਗੂਰ

ਇਕ ਲੂੰਬੜੀ ਨੇ ਪੱਕੇ ਹੋਏ ਅੰਗੂਰਾਂ ਦੇ ਗੁੱਛੇ ਲਮਕਦੇ ਦੇਖੇ। ਉਹ ਇਨ੍ਹਾਂ ਨੂੰ ਖਾਣ ਲਈ ਕਿਸੇ ਤਰ੍ਹਾਂ ਫੜਨ ਦੀ ਕੋਸ਼ਿਸ਼ ਕਰਨ ਲੱਗੀ।

ਉਹ ਬਹੁਤ ਦੇਰ ਤਕ ਕੋਸ਼ਿਸ਼ ਕਰਦੀ ਰਹੀ, ਪਰ ਸਫਲ ਨਾ ਹੋਈ। ਆਪਣੀ ਇਸ ਨਿਰਾਸ਼ਾ ਨੂੰ ਦੂਰ ਕਰਨ ਲਈ ਉਸ ਨੇ ਇਹ ਕਹਿ ਕੇ ਦਿਲ ਨੂੰ ਤਸੱਲੀ ਦਿੱਤੀ :

"ਇਹ ਤਾਂ ਖੱਟੇ ਹਨ।"



# ਮੁਰਗੀ ਤੇ ਅਬਾਬੀਲ

ਇਕ ਮੁਰਗੀ ਨੂੰ ਸੱਪ ਦੇ ਆਂਡੇ ਮਿਲ ਗਏ। ਉਹ ਉਨ੍ਹਾਂ ਨੂੰ ਨਿੱਘ ਦੇਣ ਲੱਗੀ। ਅਬਾਬੀਲ ਨੇ ਇਹ ਦੇਖਿਆ ਤੇ ਬੋਲੀ :

"ਕਿੰਨੀ ਮੂਰਖ ਹੈਂ ਤੂੰ ! ਤੂੰ ਇਨ੍ਹਾਂ ਨੂੰ ਆਂਡਿਆਂ ਤੋਂ ਬਾਹਰ ਕੱਢੇਂਗੀ ਤਾਂ ਇਹ ਵੱਡੇ ਹੋਣ 'ਤੇ ਸਭ ਤੋਂ ਪਹਿਲਾਂ ਤੈਨੂੰ ਹੀ ਨਿਗਲਣਗੇ।"

# ਗਧਾ ਤੇ ਸ਼ੇਰ ਦੀ ਖੱਲ

ਕਿਸੇ ਗਧੇ ਨੇ ਸ਼ੇਰ ਦੀ ਖੱਲ ਓੜ ਲਈ ਤੇ ਸਭ ਨੇ ਸਮਝਿਆ ਕਿ ਇਹ ਸ਼ੇਰ ਹੈ। ਲੋਕ ਅਤੇ ਜਾਨਵਰ ਡਰ ਕੇ ਭੱਜਣ ਲੱਗੇ। ਜ਼ੋਰ ਦੀ ਹਵਾ ਵਗੀ ਤਾਂ ਸ਼ੇਰ ਦੀ ਖੱਲ ਉੱਪਰ ਨੂੰ ਹੋ ਗਈ ਅਤੇ ਉਸ ਦੇ ਹੇਠੋਂ ਗਧਾ ਨਜ਼ਰ ਆਉਣ ਲੱਗਾ। ਲੋਕ ਭੱਜਦੇ ਹੋਏ ਆਏ, ਉਨ੍ਹਾਂ ਨੇ ਕੁੱਟ-ਕੁੱਟ ਕੇ ਉਹਦਾ ਬੁਰਾ ਹਾਲ ਕਰ ਦਿੱਤਾ।

# ਬਾਗ਼ਬਾਨ ਤੇ ਉਹਦੇ ਪੁੱਤਰ

ਇਕ ਬਾਗ਼ਬਾਨ ਨੇ ਇਹ ਚਾਹਿਆ ਕਿ ਉਹ ਆਪਣੇ ਪੁੱਤਰਾਂ ਨੂੰ ਵਧੀਆ ਤਰੀਕੇ ਨਾਲ ਬਾਗ਼ਬਾਨੀ ਕਰਨੀ ਸਿਖਾ ਦੇਵੇ। ਜਦੋਂ ਉਹਦੇ ਮਰਨ ਦਾ ਵਕਤ ਆਇਆ ਤਾਂ ਉਸ ਨੇ ਪੁੱਤਰਾਂ ਨੂੰ ਆਪਣੇ ਕੋਲ ਸੱਦਿਆ ਤੇ ਆਖਿਆ :

"ਮੇਰੇ ਪੁੱਤਰੋ, ਮੇਰੇ ਮਰਨ ਤੋਂ ਬਾਅਦ ਤੁਸੀਂ ਅੰਗੂਰਾਂ ਦੇ ਬਗ਼ੀਚੇ ਵਿਚ ਜੋ ਕੁਝ ਛੁਪਿਆ ਹੈ, ਉਸ ਨੂੰ ਲੱਭ ਲੈਣਾ।"

ਪੁੱਤਰਾਂ ਨੇ ਸੋਚਿਆ ਕਿ ਉਥੇ ਕੋਈ ਖ਼ਜ਼ਾਨਾ ਹੈ। ਪਿਤਾ ਦੇ ਮਰਨ ਮਗਰੋਂ ਉਹ ਉਹਨੂੰ ਲੱਭਣ ਲੱਗੇ ਅਤੇ ਉਨ੍ਹਾਂ ਨੇ ਸਾਰਾ ਬਗੀਚਾ ਖੋਦ ਸੁੱਟਿਆ। ਖ਼ਜ਼ਾਨਾ ਤਾਂ ਨਾ ਮਿਲਿਆ, ਪਰ ਉਨ੍ਹਾਂ ਨੇ ਬਗੀਚੇ ਨੂੰ ਏਨੇ ਵਧੀਆ ਢੰਗ ਨਾਲ ਗੁੱਡ ਦਿੱਤਾ ਕਿ ਉਥੇ ਪਹਿਲਾਂ ਨਾਲੋਂ ਕਿਤੇ ਵੱਧ ਉਪਜ ਹੋਣ ਲੱਗੀ ਤੇ ਉਹ ਅਮੀਰ ਹੋ ਗਏ।

# ਲੂੰਬੜੀ ਤੇ ਬੱਕਰਾ

ਇਕ ਬੱਕਰੇ ਨੂੰ ਬਹੁਤ ਜ਼ਿਆਦਾ ਪਿਆਸ ਲੱਗੀ। ਉਹ ਢਾਲ ਤੋਂ ਹੇਠਾਂ ਉਤਰ ਕੇ ਖੂਹ ਕੋਲ ਚਲਾ ਗਿਆ। ਉਹਨੇ ਰੱਜ ਕੇ ਪਾਣੀ ਪੀ ਲਿਆ ਤੇ ਨਤੀਜੇ ਵਜੋਂ ਬਹੁਤ ਭਾਰਾ ਹੋ ਗਿਆ। ਉਹ ਢਾਲ ਉਤੇ ਵਾਪਸ ਚੜ੍ਹਨ ਲੱਗਾ, ਪਰ ਅਜਿਹਾ ਨਾ ਕਰ ਸਕਿਆ ਅਤੇ ਮੈਂ-ਮੈਂ ਕਰਨ ਲੱਗਾ। ਲੂੰਬੜੀ ਨੇ ਉਸ ਨੂੰ ਦੇਖਿਆ ਤੇ ਬੋਲੀ :

"ਤੇਰੇ ਨਾਲ ਅਜਿਹਾ ਹੀ ਹੋਣਾ ਚਾਹੀਦਾ ਸੀ, ਮੂਰਖ ! ਜੇ ਤੇਰੇ ਦਿਮਾਗ ਵਿਚ ਓਨੀ ਅਕਲ ਹੁੰਦੀ ਜਿੰਨੇ ਤੇਰੀ ਦਾਹੜੀ ਦੇ ਵਾਲ ਹਨ ਤਾਂ ਤੂੰ ਹੇਠਾਂ ਉਤਰਨ ਤੋਂ ਪਹਿਲਾਂ ਇਹ ਸੋਚਿਆ ਹੁੰਦਾ ਕਿ ਵਾਪਸ ਕਿਵੇਂ ਜਾਵੇਂਗਾ ?"



# ਸਾਰਸ ਤੇ ਬਗਲਾ

ਕਿਸੇ ਕਿਸਾਨ ਨੇ ਸਾਰਸਾਂ ਨੂੰ ਫੜਨ ਲਈ ਜਾਲ਼ ਵਿਛਾਇਆ, ਕਿਉਂਕਿ ਉਹ ਉਸ ਵਲੋਂ ਬੀਜੇ ਗਏ ਬੀਜਾਂ ਨੂੰ ਖਾ ਜਾਂਦੇ ਸਨ। ਜਾਲ਼ ਵਿਚ ਸਾਰਸ ਅਤੇ ਉਨ੍ਹਾਂ ਦੇ ਨਾਲ ਇਕ ਬਗਲਾ ਵੀ ਫਸ ਗਿਆ।

ਬਗਲੇ ਨੇ ਕਿਸਾਨ ਨੂੰ ਕਿਹਾ :

"ਤੁਸੀਂ ਮੈਨੂੰ ਤਾਂ ਛੱਡ ਦਿਉ, ਕਿਉਂਕਿ ਮੈਂ ਸਾਰਸ ਨਹੀਂ ਹਾਂ, ਬਗਲਾ ਹਾਂ। ਅਸੀਂ ਤਾਂ ਸਭ ਤੋਂ ਵੱਧ ਸਨਮਾਨਤ ਪੰਛੀ ਹਾਂ। ਮੈਂ

ਤਾਂ ਤੁਹਾਡੇ ਪਿਤਾ ਦੇ ਘਰ ਦੀ ਛੱਤ 'ਤੇ ਰਹਿੰਦਾ ਹਾਂ। ਫਿਰ ਮੇਰੇ ਪਰਾਂ ਤੋਂ ਵੀ ਇਹ ਸਪੱਸ਼ਟ ਹੈ ਕਿ ਮੈਂ ਸਾਰਸ ਨਹੀਂ ਹਾਂ।"

ਕਿਸਾਨ ਨੇ ਜਵਾਬ ਦਿੱਤਾ :

"ਮੈਂ ਤੈਨੂੰ ਸਾਰਸਾਂ ਦੇ ਨਾਲ ਫੜਿਆ ਹੈ ਤੇ ਉਨ੍ਹਾਂ ਦੇ ਨਾਲ ਤੇਰੀ ਧੌਣ ਵੀ ਵੱਢਾਂਗਾ।"

# ਮਛੇਰਾ ਤੇ ਮੱਛੀ

ਕਿਸੇ ਮਛੇਰੇ ਨੇ ਇਕ ਮੱਛੀ ਫੜ ਲਈ। ਮੱਛੀ ਬੋਲੀ :

"ਮਛੇਰੇ, ਮੈਨੂੰ ਪਾਣੀ ਵਿਚ ਛੱਡ ਦਿਓ। ਦੇਖਦੇ ਹੋ ਨਾ ਕਿ ਮੈਂ ਕਿੰਨੀ ਛੋਟੀ ਹਾਂ। ਤੁਹਾਨੂੰ ਮੇਰੇ ਤੋਂ ਕੋਈ ਖ਼ਾਸ ਫ਼ਾਇਦਾ ਨਹੀਂ ਹੋਵੇਗਾ। ਜੇ ਤੁਸੀਂ ਮੈਨੂੰ ਛੱਡ ਦਿਉਗੇ ਤਾਂ ਕੁਝ ਵਕਤ ਬਾਅਦ ਮੈਂ ਵੱਡੀ ਹੋ ਜਾਵਾਂਗੀ। ਤੁਸੀਂ ਉਸ ਵਕਤ ਮੈਨੂੰ ਫੜ ਲੈਣਾ। ਉਦੋਂ ਤੁਹਾਨੂੰ ਜ਼ਿਆਦਾ ਫਾਇਦਾ ਹੋਵੇਗਾ।"

ਮਛੇਰੇ ਨੇ ਉਹਨੂੰ ਜਵਾਬ ਦਿੱਤਾ :



"ਇਹ ਤਾਂ ਕੋਈ ਮੂਰਖ ਹੀ ਹੋਵੇਗਾ ਜੋ ਹੱਥ ਵਿਚ ਆਈ ਛੋਟੀ ਮੱਛੀ ਨੂੰ ਛੱਡ ਕੇ ਜ਼ਿਆਦਾ ਫਾਇਦੇ ਲਈ ਵੱਡੀ ਦੀ ਉਡੀਕ ਕਰੇਗਾ।"





# ਖ਼ਰਗੋਸ਼ ਤੇ ਡੱਡੂ

ਇਕ ਵਾਰ ਖ਼ਰਗੋਸ਼ ਇਕੱਠੇ ਹੋਏ ਤੇ ਆਪਣੀ ਬਦਕਿਸਮਤੀ ਦਾ ਰੋਣਾ ਰੋਣ ਲੱਗੇ : "ਲੋਕ, ਕੁੱਤੇ, ਉਕਾਬ ਅਤੇ ਦੂਜੇ ਜਾਨਵਰ ਸਾਨੂੰ ਮਾਰ ਸੁੱਟਦੇ ਨੇ। ਲਗਾਤਾਰ ਡਰਦੇ ਰਹਿਣ ਅਤੇ ਤਸੀਹੇ ਸਹਿਣ ਤੋਂ ਤਾਂ ਵਧੇਰੇ ਚੰਗਾ ਹੈ ਕਿ ਅਸੀਂ ਇਕ ਵਾਰ ਹੀ ਮਰ ਜਾਈਏ। ਆਓ, ਸਾਰੇ ਡੁੱਬ ਜਾਈਏ।"

ਸਾਰੇ ਖ਼ਰਗੋਸ਼ ਛਾਲਾਂ ਮਾਰਦੇ ਹੋਏ ਝੀਲ 'ਤੇ ਜਾ ਪਹੁੰਚੇ, ਤਾਂ ਕਿ ਝੀਲ 'ਚ ਡੁੱਬ ਜਾਣ। ਡੱਡੂਆਂ ਨੇ ਖ਼ਰਗੋਸ਼ਾਂ ਦੀਆਂ ਆਵਾਜ਼ਾਂ ਸੁਣੀਆਂ ਤਾਂ ਫੁਰਤੀ ਨਾਲ ਪਾਣੀ ਵਿਚ ਡੁਬਕੀਆਂ ਲਾ ਲਈਆਂ। ਫਿਰ ਇਕ ਖ਼ਰਗੋਸ਼ ਨੇ ਕਿਹਾ : "ਜ਼ਰਾ ਰੁਕ ਜਾਓ, ਭਰਾਵੋ ! ਡੁੱਬਣ ਲਈ ਕਾਹਲ ਨਾ ਕਰੋ। ਡੱਡੂਆਂ ਦੀ ਜ਼ਿੰਦਗੀ ਤਾਂ ਸਾਡੇ ਤੋਂ ਵੀ ਭੈੜੀ ਹੈ--ਉਹ ਤਾਂ ਸਾਡੇ ਤੋਂ ਵੀ ਡਰਦੇ ਨੇ।"

# ਬਾਪ ਤੇ ਬੇਟੇ

ਇਕ ਬਾਪ ਨੇ ਆਪਣੇ ਬੇਟਿਆਂ ਨੂੰ ਇਹ ਨਿਰਦੇਸ਼ ਦਿੱਤਾ ਕਿ ਉਹ ਰਲਮਿਲ ਕੇ ਰਹਿਣ। ਪਰ ਬੇਟਿਆਂ ਨੇ ਪਿਤਾ ਦੀ ਗੱਲ ਨਾ ਮੰਨੀ। ਫਿਰ ਪਿਤਾ ਨੇ ਝਾੜੂ ਲਿਆਉਣ ਨੂੰ ਕਿਹਾ :

"ਤੁਸੀਂ ਇਸ ਨੂੰ ਤੋੜੋ !"

ਬਹੁਤ ਕੋਸ਼ਿਸ਼ ਕਰਨ 'ਤੇ ਵੀ ਬੇਟੇ ਉਸ ਨੂੰ ਤੋੜ ਨਾ ਸਕੇ। ਫਿਰ ਪਿਤਾ ਨੇ ਝਾੜੂ ਨੂੰ ਖੋਲ੍ਹ ਦਿੱਤਾ ਤੇ ਬੇਟਿਆਂ ਨੂੰ ਕਿਹਾ ਕਿ ਉਹ ਉਸ ਦੀ ਇਕ-ਇਕ ਤੀਲ੍ਹੀ ਨੂੰ ਤੋੜਨ।



ਬੇਟਿਆਂ ਨੇ ਅਲਗ-ਅਲਗ ਤਿਣਕਿਆਂ ਨੂੰ ਬੜੀ ਆਸਾਨੀ ਨਾਲ ਤੋੜ ਸੁੱਟਿਆ। ਫਿਰ ਪਿਤਾ ਨੇ ਕਿਹਾ :

"ਤੁਹਾਡੇ ਉਤੇ ਵੀ ਇਹ ਗੱਲ ਲਾਗੂ ਹੁੰਦੀ ਹੈ। ਜੇ ਤੁਸੀਂ ਸਾਰੇ ਮਿਲ-ਜੁਲ ਕੇ ਰਹੋਗੇ ਤਾਂ ਕੋਈ ਵੀ ਤੁਹਾਨੂੰ ਕਿਸੇ ਤਰ੍ਹਾਂ ਦੀ ਹਾਨੀ ਨਹੀਂ ਪਹੁੰਚਾ ਸਕੇਗਾ। ਪਰ ਜੇ ਤੁਸੀਂ ਆਪਸ ਵਿਚ ਲੜਦੇ-ਝਗੜਦੇ ਜਾਂ ਅਲਗ ਹੋ ਜਾਵੋਗੇ ਤਾਂ ਕੋਈ ਵੀ ਤੁਹਾਨੂੰ ਆਸਾਨੀ ਨਾਲ ਤਬਾਹ ਕਰ ਦੇਵੇਗਾ।"



# IV

## ਲੂੰਬੜੀ

ਇਕ ਲੂੰਬੜੀ ਫੰਧੇ ਵਿਚ ਫਸ ਗਈ, ਉਹਦੀ ਪੂਛ ਕੱਟੀ ਗਈ, ਪਰ ਉਹ ਖੁਦ ਬਚ ਨਿਕਲੀ। ਉਹ ਸੋਚਣ ਲੱਗੀ ਕਿ ਆਪਣੀ ਇਸ ਸ਼ਰਮ ਤੋਂ ਨਿਜਾਤ ਕਿਵੇਂ ਪਾਵੇ। ਉਸ ਨੇ ਬਾਕੀ ਲੂੰਬੜੀਆਂ ਨੂੰ ਸੱਦਿਆ ਤੇ ਉਨ੍ਹਾਂ ਨੂੰ ਆਪਣੀਆਂ ਪੂਛਾਂ ਕਟਵਾ ਦੇਣ ਲਈ ਪ੍ਰੇਰਿਤ ਕਰਦਿਆਂ ਬੋਲੀ :

"ਸਾਡੀਆਂ ਪੂਛਾਂ ਬਿਲਕੁਲ ਬੇਕਾਰ ਨੇ, ਅਸੀਂ ਤਾਂ ਫਾਲਤੂ ਵਜ਼ਨ ਚੁੱਕੀ ਫਿਰਦੀਆਂ।"

ਇਕ ਲੂੰਬੜੀ ਨੇ ਜਵਾਬ ਦਿੱਤਾ :

"ਜੇ ਤੂੰ ਖੁਦ ਪੂਛ-ਕੱਟੀ ਨਾ ਹੁੰਦੀ ਤਾਂ ਅਜਿਹਾ ਕਦੀ ਨਾ ਕਹਿੰਦੀ।"

ਪੂਛ-ਕੱਟੀ ਲੂੰਬੜੀ ਕੁਝ ਵੀ ਜਵਾਬ ਨਾ ਦੇ ਕੇ ਚੁੱਪਚਾਪ ਤੁਰਦੀ ਬਣੀ।

# ਮੱਛਰ ਤੇ ਸ਼ੇਰ

ਇਕ ਮੱਛਰ ਉੱਡਦਾ ਹੋਇਆ ਸ਼ੇਰ ਕੋਲ ਪਹੁੰਚਿਆ ਤੇ ਉਸ ਨੂੰ ਆਖਿਆ :

"ਸ਼ਾਇਦ ਤੁਸੀਂ ਇਹ ਸਮਝਦੇ ਹੋ ਕਿ ਮੇਰੇ ਨਾਲੋਂ ਜ਼ਿਆਦਾ ਤਾਕਤਵਰ ਹੋ। ਇਹ ਤੁਹਾਡੀ ਭੁੱਲ ਹੈ। ਤੁਸੀਂ ਜ਼ਰਾ ਵੀ ਤਾਕਤਵਰ ਨਹੀਂ ਹੋ। ਤੁਸੀਂ ਤਾਂ ਮਰਦਾਂ ਨਾਲ ਲੜਨ ਵਾਲੀਆਂ ਔਰਤਾਂ ਵਾਂਗ

ਆਪਣੇ ਪੰਜਿਆਂ ਤੇ ਕਿਸੇ ਨੂੰ ਨਹੁੰਦਰ ਤੇ ਦੰਦਾਂ ਨਾਲ ਕੱਟ ਸਕਦੇ ਹੋ। ਮੈਂ ਤੁਹਾਡੇ ਨਾਲੋਂ ਜ਼ਿਆਦਾ ਤਾਕਤਵਰ ਹਾਂ। ਜੇ ਚਾਹੁੰਦੇ ਹੋ ਤਾਂ ਆਓ ਮੈਦਾਨ ਵਿਚ !"

ਮੱਛਰ ਨੇ ਭਿਣ-ਭਿਣ ਕਰਦਿਆਂ ਤੇ ਸ਼ੇਰ ਦੀਆਂ ਗੱਲ੍ਹਾਂ ਤੇ ਨੱਕ ਨੂੰ ਕੱਟਣਾ ਸ਼ੁਰੂ ਕੀਤਾ। ਸ਼ੇਰ ਆਪਣੇ ਮੂੰਹ ਉਤੇ ਪੰਜੇ ਤੇ ਨਹੁੰਦਰਾਂ ਮਾਰਨ ਲੱਗਾ। ਉਸ ਨੇ ਆਪਣਾ ਸਾਰਾ ਚਿਹਰਾ ਲਹੂ-ਲੁਹਾਣ ਕਰ ਲਿਆ ਤੇ ਬੁਰੀ ਤਰ੍ਹਾਂ ਥੱਕ ਗਿਆ।

ਮੱਛਰ ਨੇ ਖ਼ੁਸ਼ ਹੋ ਕੇ ਆਪਣੀ ਜਿੱਤ ਦਾ ਡੰਕਾ ਵਜਾਇਆ ਤੇ ਉੱਡ ਗਿਆ। ਕੁਝ ਸਮੇਂ ਬਾਅਦ ਉਹ ਮਕੜੀ ਦੇ ਜਾਲ਼ੇ ਵਿਚ ਫਸ ਗਿਆ। ਮਕੜੀ ਉਸ ਨੂੰ ਖਾਣ ਲੱਗੀ। ਫਿਰ ਮੱਛਰ ਬੋਲਿਆ :

"ਏਨੇ ਤਾਕਤਵਰ ਸ਼ੇਰ ਨੂੰ ਤਾਂ ਮੈਂ ਜਿੱਤ ਲਿਆ, ਪਰ ਇਸ ਕੰਬਖ਼ਤ ਮਕੜੀ ਦੇ ਕਾਰਨ ਮੇਰੀ ਜਾਨ ਜਾ ਰਹੀ ਹੈ।"

# ਕੁੱਤਾ ਤੇ ਭੇੜੀਆ

ਇਕ ਕੁੱਤਾ ਵਿਹੜੇ ਵਿਚ ਸੌਂ ਰਿਹਾ ਸੀ। ਕੋਈ ਭੁੱਖਾ ਭੇੜੀਆ ਭੱਜਦਾ ਹੋਇਆ ਉਥੇ ਆਇਆ ਤੇ ਉਸ ਨੇ ਕੁੱਤੇ ਨੂੰ ਖਾ ਜਾਣਾ ਚਾਹਿਆ। ਕੁੱਤੇ ਨੇ ਕਿਹਾ :

"ਭੇੜੀਏ ! ਮੈਨੂੰ ਖਾਣ ਦੀ ਕਾਹਲ ਨਾ ਕਰੋ ! ਇਸ ਵਕਤ ਮੈਂ ਦੁਬਲਾ- ਪਤਲਾ ਹਾਂ, ਮੇਰੀਆਂ ਹੱਡੀਆਂ ਬਾਹਰ ਨਿਕਲੀਆਂ ਹੋਈਆਂ ਹਨ। ਕੁਝ ਸਮੇਂ ਬਾਅਦ ਮਾਲਕ ਲੋਕਾਂ ਦੇ ਇਥੇ ਵਿਆਹ ਹੋਣ ਵਾਲਾ ਹੈ। ਫਿਰ ਮੈਨੂੰ ਬਹੁਤ ਸਾਰਾ ਖਾਣ ਨੂੰ ਮਿਲੇਗਾ, ਮੈਂ ਮੋਟਾ ਹੋ ਜਾਵਾਂਗਾ—ਤੁਹਾਡੇ ਲਈ ਮੈਨੂੰ ਉਦੋਂ ਖਾਣਾ ਜ਼ਿਆਦਾ ਚੰਗਾ ਹੋਵੇਗਾ।"

ਭੇੜੀਏ ਨੇ ਉਹਦੀ ਗੱਲ 'ਤੇ ਯਕੀਨ ਕਰ ਲਿਆ ਤੇ ਚਲਾ ਗਿਆ। ਕੁਝ ਦਿਨਾਂ ਬਾਅਦ ਉਹ ਆ ਗਿਆ ਤੇ ਉਸ ਨੇ ਦੇਖਿਆ ਕਿ ਕੁੱਤਾ ਛੱਤ ਉਤੇ ਲੰਮਾ ਪਿਆ ਹੋਇਆ ਹੈ। ਭੇੜੀਏ ਨੇ ਪੁੱਛਿਆ :

"ਤੇਰੇ ਏਥੇ ਵਿਆਹ ਹੋ ਗਿਆ ਹੈ ?"

ਕੁੱਤੇ ਨੇ ਜਵਾਬ ਦਿੱਤਾ :

"ਸੁਣੋ ਭੇੜੀਏ, ਜੇ ਅਗਲੀ ਵਾਰ ਮੈਨੂੰ ਵਿਹੜੇ ਵਿਚ ਸੁੱਤਾ ਦੇਖਿਆ ਤਾਂ ਤੁਸੀਂ ਵਿਆਹ ਦਾ ਇੰਤਜ਼ਾਰ ਨਾ ਕਰਨਾ।"







# ਜੰਗਲੀ ਅਤੇ ਪਾਲਤੂ ਗਧਾ

ਇਕ ਜੰਗਲੀ ਗਧਾ ਕਿਸੇ ਪਾਲਤੂ ਗਧੇ ਦੇ ਕੋਲ ਗਿਆ ਤੇ ਉਹਦੀ ਜ਼ਿੰਦਗੀ ਦੀ ਸਿਫਤ ਕਰਦਿਆਂ ਕਹਿਣ ਲੱਗਾ ਕਿ ਉਸ ਦਾ ਬਦਨ ਕਿੰਨਾ ਮੁਲਾਇਮ ਹੈ ਅਤੇ ਉਸ ਨੂੰ ਕਿੰਨਾ ਵਧੀਆ ਚਾਰਾ ਮਿਲਦਾ ਹੈ। ਕੁਝ ਦੇਰ ਬਾਅਦ ਜਦੋਂ ਪਾਲਤੂ ਗਧੇ ਉਤੇ ਬਹੁਤ ਸਾਰਾ ਵਜ਼ਨ ਲੱਦ ਦਿੱਤਾ ਗਿਆ ਅਤੇ ਮਾਲਕ ਉਸ ਨੂੰ ਡੰਡੇ ਨਾਲ ਹਿੱਕਣ ਲੱਗਾ ਤਾਂ ਜੰਗਲੀ ਗਧੇ ਨੇ ਕਿਹਾ :

"ਨਹੀਂ ਮੇਰੇ ਭਾਈ ਹੁਣ ਮੈਨੂੰ ਤੇਰੇ ਨਾਲ ਈਰਖਾ ਨਹੀਂ ਹੋ ਰਹੀ ਹੈ। ਮੈਂ ਦੇਖ ਰਿਹਾ ਹਾਂ ਕਿ ਤੈਨੂੰ ਆਪਣੀ ਅਜਿਹੀ ਜ਼ਿੰਦਗੀ ਲਈ ਕਾਫੀ ਕੀਮਤ ਚੁਕਾਉਣੀ ਪੈਂਦੀ ਹੈ।"

# ਘੋੜਾ ਤੇ ਉਸ ਦੇ ਮਾਲਕ

ਕਿਸੇ ਬਾਗ਼ਬਾਨ ਦੇ ਇਥੇ ਘੋੜਾ ਸੀ। ਉਹਨੂੰ ਬਹੁਤ ਕੰਮ ਕਰਨਾ ਪੈਂਦਾ, ਪਰ ਚਾਰਾ ਘੱਟ ਮਿਲਦਾ। ਉਹ ਰੱਬ ਨੂੰ ਇਹ ਬੇਨਤੀ ਕਰਨ ਲੱਗਾ ਕਿ ਕਿਸੇ ਦੂਸਰੇ ਮਾਲਕ ਕੋਲ ਚਲਾ ਜਾਵੇ। ਰੱਬ ਨੇ ਉਹਦੀ ਬੇਨਤੀ ਮੰਨ ਲਈ। ਬਾਗ਼ਬਾਨ ਨੇ ਆਪਣਾ ਘੋੜਾ ਕਿਸੇ ਘੁਮਾਰ ਨੂੰ ਵੇਚ ਦਿੱਤਾ। ਘੋੜਾ ਬਹੁਤ ਖ਼ੁਸ਼ ਹੋਇਆ, ਪਰ ਘੁਮਾਰ ਦੇ ਇਥੇ ਪਹਿਲਾਂ ਨਾਲੋਂ ਵੀ ਵਧੇਰੇ ਕੰਮ ਕਰਨਾ ਪੈਂਦਾ। ਘੋੜਾ ਫਿਰ ਆਪਣੀ ਕਿਸਮਤ ਨੂੰ ਕੋਸਣ ਲੱਗਾ ਤੇ ਰੱਬ ਨੂੰ ਬੇਨਤੀ ਕਰਨ ਲੱਗਾ ਕਿ ਉਸ ਨੂੰ ਜ਼ਿਆਦਾ ਚੰਗਾ ਮਾਲਕ ਮਿਲ ਜਾਵੇ। ਉਹਦੀ ਇਹ ਬੇਨਤੀ ਵੀ ਸਵੀਕਾਰ ਹੋ ਗਈ। ਘੁਮਾਰ ਨੇ ਇਹ ਘੋੜਾ ਚਮੜਾ ਕਮਾਉਣ ਵਾਲੇ ਨੂੰ ਵੇਚ ਦਿੱਤਾ। ਘੋੜੇ ਨੇ ਜਿਵੇਂ ਹੀ ਚਮੜਾ ਕਮਾਉਣ ਵਾਲੇ ਦੇ ਅਹਾਤੇ ਵਿਚ ਘੋੜਿਆਂ ਦੀਆਂ ਖੱਲਾਂ ਲਮਕਦੀਆਂ ਦੇਖੀਆਂ, ਤਿਉਂ ਹੀ ਉਹ ਦੁਖੀ ਹੋ ਕੇ ਚੀਕਣ ਲੱਗਾ :

"ਓਹ, ਮੇਰੀ ਕਿਸਮਤ ਫੁੱਟ ਗਈ ! ਮੈਂ ਆਪਣੇ ਪਹਿਲੇ ਮਾਲਕ ਦੇ ਕੋਲ ਰਹਿੰਦਾ ਤਾਂ ਕਿਤੇ ਚੰਗਾ ਹੁੰਦਾ। ਲਗਦਾ ਹੈ ਕਿ ਹੁਣ ਤਾਂ ਮੈਨੂੰ ਖੱਲ ਲੁਹਾਉਣ ਲਈ ਹੀ ਵੇਚਿਆ ਗਿਆ ਹੈ।"

# ਭੇੜੀਆ ਤੇ ਬੱਕਰੀ

ਇਕ ਭੇੜੀਏ ਨੇ ਚੱਟਾਨੀ ਪਹਾੜੀ ਉਤੇ ਬੱਕਰੀ ਨੂੰ ਚਰਦਿਆਂ ਦੇਖਿਆ। ਭੇੜੀਏ ਲਈ ਉਹਦੇ ਕੋਲ ਪਹੁੰਚਣਾ ਸੰਭਵ ਨਹੀਂ ਸੀ। ਸੋ ਉਸ ਨੇ ਬੱਕਰੀ ਨੂੰ ਕਿਹਾ :

"ਤੂੰ ਥੱਲੇ ਕਿਉਂ ਨਹੀਂ ਆ ਜਾਂਦੀ, ਇਥੇ ਜ਼ਮੀਨ ਵੀ ਸਮਤਲ ਹੈ ਤੇ ਘਾਹ ਵੀ ਵਧੇਰੇ ਮਿੱਠੀ ਹੈ।"

ਬੱਕਰੀ ਨੇ ਉਸ ਨੂੰ ਜਵਾਬ ਦਿੱਤਾ :

"ਭੇੜੀਏ, ਤੂੰ ਮੇਰੀ ਭਲਾਈ ਲਈ ਮੈਨੂੰ ਹੇਠਾਂ ਨਹੀਂ ਬੁਲਾ ਰਿਹਾ। ਤੈਨੂੰ ਮੇਰੇ ਚਾਰੇ ਦੀ ਨਹੀਂ, ਆਪਣੇ ਪੇਟ ਦੀ ਫ਼ਿਕਰ ਹੈ।"

# ਬਾਰਾਂਸਿੰਗਾ

ਇਕ ਬਾਰਾਂਸਿੰਗਾ ਪਾਣੀ ਪੀਣ ਲਈ ਨਦੀ 'ਤੇ ਗਿਆ। ਪਾਣੀ ਵਿਚ ਆਪਣਾ ਪਰਛਾਵਾਂ ਦੇਖ ਕੇ ਉਹ ਆਪਣੇ ਸਿੰਗਾਂ ਦੀ ਪ੍ਰਸ਼ੰਸਾ ਕਰਨ ਲੱਗਾ ਕਿ ਉਹ ਕਿੰਨੇ ਵੱਡੇ-ਵੱਡੇ ਤੇ ਕਿੰਨੇ ਫੈਲੇ ਹੋਏ ਹਨ। ਪਰ ਲੱਤਾਂ ਨੂੰ ਦੇਖਣ ਮਗਰੋਂ ਕਹਿਣ ਲੱਗਾ :

"ਮੇਰੀਆਂ ਲੱਤਾਂ ਭੱਦੀਆਂ ਤੇ ਪਤਲੀਆਂ-ਪਤਲੀਆਂ ਹਨ।"

ਅਚਾਨਕ ਸ਼ੇਰ ਆ ਗਿਆ ਤੇ ਬਾਰਾਂਸਿੰਗੇ ਵੱਲ ਝਪਟਿਆ। ਬਾਰਾਂਸਿੰਗਾ ਖੁੱਲ੍ਹੇ ਮੈਦਾਨ ਵਿਚ ਚੌਕੜੀਆਂ ਭਰਨ ਲੱਗਾ। ਉਹ ਬਚ ਨਿਕਲਿਆ, ਪਰ ਜਿਉਂ ਹੀ ਜੰਗਲ ਵਿਚ ਪਹੁੰਚਿਆ, ਉਹਦੇ ਸਿੰਗ ਸ਼ਾਖਾਵਾਂ ਵਿਚ ਫਸ ਗਏ ਤੇ ਸ਼ੇਰ ਨੇ ਉਸ ਨੂੰ ਦਬੋਚ ਲਿਆ। ਮਰਦੇ ਹੋਏ ਬਾਰਾਂਸਿੰਗੇ ਨੇ ਕਿਹਾ :

"ਮੈਂ ਵੀ ਕੇਹਾ ਮੂਰਖ ਹਾਂ। ਜਿਨ੍ਹਾਂ ਲੱਤਾਂ ਨੂੰ ਭੱਦੀਆਂ ਤੇ ਪਤਲੀਆਂ-ਪਤਲੀਆਂ ਕਿਹਾ ਸੀ, ਉਨ੍ਹਾਂ ਨੇ ਮੈਨੂੰ ਬਚਾਇਆ ਅਤੇ ਜਿਨ੍ਹਾਂ ਸਿੰਗਾਂ ਨੂੰ ਦੇਖ ਕੇ ਮੈਂ ਖ਼ੁਸ਼ ਹੋਇਆ ਸੀ, ਉਨ੍ਹਾਂ ਨੇ ਹੀ ਮੈਨੂੰ ਮਰਵਾ ਦਿੱਤਾ।"



# ਬਾਰਾਂਸਿੰਗਾ ਤੇ ਅੰਗੂਰਾਂ ਦਾ ਬਗੀਚਾ

ਇਕ ਬਰਾਂਸਿੰਗਾ ਸ਼ਿਕਾਰੀਆਂ ਤੋਂ ਬਚਣ ਲਈ ਅੰਗੂਰਾਂ ਦੇ ਬਗੀਚੇ ਵਿਚ ਲੁਕ ਗਿਆ। ਜਦੋਂ ਸ਼ਿਕਾਰੀ ਉਹਦੇ ਕੋਲੋਂ ਦੀ ਅੱਗੇ ਨਿਕਲ ਗਏ ਤਾਂ ਬਾਰਾਂਸਿੰਗਾ ਅੰਗੂਰਾਂ ਦੇ ਪੌਦਿਆਂ ਦੇ ਪੱਤੇ ਖਾਣ ਲੱਗਾ।

ਸ਼ਿਕਾਰੀਆਂ ਨੇ ਪੱਤੇ ਹਿੱਲਦੇ ਦੇਖੇ ਤਾਂ ਸੋਚਣ ਲੱਗੇ, "ਪੱਤਿਆਂ ਦੀ ਓਟ ਵਿਚ ਕੋਈ ਜਾਨਵਰ ਤਾਂ ਨਹੀ਼ ਲੁਕਿਆ ਹੋਇਆ ? ਉਨ੍ਹਾਂ ਨੇ ਗੋਲੀ ਚਲਾਈ ਤਾਂ ਬਾਰਾਂਸਿੰਗਾ ਜ਼ਖਮੀ ਹੋ ਗਿਆ।

ਉਹ ਦਮ ਤੋੜਦਾ ਹੋਇਆ ਕਹਿਣ ਲੱਗਾ :

ਮੈਂ ਏਸੇ ਅੰਤ ਦੇ ਲਾਇਕ ਹਾਂ, ਕਿਉਂਕਿ ਉਨ੍ਹਾਂ ਹੀ ਪੱਤਿਆਂ ਨੂੰ ਖਾਣ ਲੱਗਾ ਸੀ ਜਿਨ੍ਹਾਂ ਨੇ ਮੇਰੀ ਜਾਨ ਬਚਾਈ ਸੀ।"

# ਬੁੱਢਾ ਤੇ ਮੌਤ

ਇਕ ਵਾਰ ਕਿਸੇ ਬੁੱਢੇ ਨੇ ਜੰਗਲ ਵਿਚੋਂ ਲੱਕੜੀਆਂ ਕੱਟੀਆਂ, ਉਨ੍ਹਾਂ ਦਾ ਗੱਠਾ ਬਣਾਇਆ ਤੇ ਘਰ ਲੈ ਤੁਰਿਆ। ਉਸ ਨੇ ਬਹੁਤ ਦੂਰ ਜਾਣਾ ਸੀ, ਉਹ ਬਹੁਤ ਥੱਕ ਗਿਆ, ਉਸ ਨੇ ਗੱਠਾ ਭੁੰਜੇ ਰੱਖਿਆ ਤੇ ਬੋਲਿਆ :

"ਕਾਸ਼, ਮੈਨੂੰ ਮੌਤ ਆ ਜਾਵੇ।"

ਮੌਤ ਉਹਦੇ ਸਾਹਮਣੇ ਆ ਕੇ ਖੜ੍ਹੀ ਹੋ ਗਈ ਤੇ ਆਖਣ ਲੱਗੀ : 10

"ਮੈਂ ਆ ਗਈ ਹਾਂ, ਤੁਹਾਨੂੰ ਕੀ ਚਾਹੀਦਾ ਹੈ, ਬਾਬਾ ?"

ਬੁੱਢਾ ਡਰ ਗਿਆ ਤੇ ਕਹਿਣ ਲੱਗਾ :

"ਤੂੰ ਮੇਰਾ ਇਹ ਗੱਠਾ ਚੁੱਕ ਕੇ ਲੈ ਚੱਲ।"

# ਸ਼ੇਰ ਤੇ ਲੂੰਬੜੀ



ਇਕ ਸ਼ੇਰ ਜਦੋਂ ਬੁੱਢਾ ਹੋ ਗਿਆ ਤਾਂ ਉਹਦੇ ਕੋਲੋਂ ਜਾਨਵਰਾਂ ਦਾ ਸ਼ਿਕਾਰ ਨਹੀਂ ਹੋ ਰਿਹਾ ਸੀ। ਇਸ ਲਈ ਉਸ ਨੇ ਇਕ ਚਲਾਕੀ ਸੋਚੀ—ਉਹ ਗੁਫਾ ਦੇ ਅੰਦਰ ਜਾ ਕੇ ਲੁਕ ਗਿਆ ਤੇ ਬੀਮਾਰ ਹੋਣ ਦਾ ਢੌਂਗ ਕਰਨ ਲੱਗਾ। ਜਾਨਵਰ ਉਹਦੀ ਤਬੀਅਤ ਦਾ ਹਾਲ-ਚਾਲ ਪੁੱਛਣ ਲਈ ਗੁਫਾ ਵਿਚ ਜਾਂਦੇ ਤੇ ਓਹ ਉਨ੍ਹਾਂ ਨੂੰ ਖਾ ਜਾਂਦਾ। ਲੂੰਬੜੀ ਇਸ ਮਾਮਲੇ ਨੂੰ ਤਾੜ ਗਈ ਤੇ ਗੁਫਾ ਦੇ ਬਾਹਰ ਖੜੀ ਹੋ ਕੇ ਉਸ ਨੇ ਪੁੱਛਿਆ :

"ਤਬੀਅਤ ਕਿਵੇਂ ਹੈ ਸ਼ੇਰ ਬਾਦਸ਼ਾਹ ?"

"ਬਹੁਤ ਮਾੜੀ ਹੈ। ਪਰ ਤੂੰ ਅੰਦਰ ਕਿਉਂ ਨਹੀਂ ਆ ਜਾਂਦੀ ?"

ਲੂੰਬੜੀ ਨੇ ਜਵਾਬ ਦਿੱਤਾ :

"ਇਸ ਲਈ ਅੰਦਰ ਨਹੀਂ ਆਉਂਦੀ ਕਿ ਪੈਰਾਂ ਦੇ ਨਿਸ਼ਾਨਾਂ ਤੋਂ ਦੇਖ ਰਹੀ ਹਾਂ—ਅੰਦਰ ਤਾਂ ਬਹੁਤ ਗਏ, ਪਰ ਬਾਹਰ ਕੋਈ ਨਹੀਂ ਆਇਆ।"

# ਬਿੱਲਾ ਤੇ ਚੂਹੇ

ਕਿਸੇ ਘਰ ਵਿਚ ਬਹੁਤ ਜ਼ਿਆਦਾ ਚੂਹੇ ਹੋ ਗਏ। ਇਸ ਘਰ ਵਿਚ ਇਕ ਬਿੱਲਾ ਆ ਗਿਆ ਅਤੇ ਚੂਹਿਆਂ ਨੂੰ ਫੜਨ ਲੱਗਾ। ਚੂਹਿਆਂ ਨੇ ਦੇਖਿਆ ਕਿ ਉਨ੍ਹਾਂ ਦਾ ਬੁਰਾ ਹਾਲ ਹੋ ਰਿਹਾ ਹੈ ਅਤੇ ਉਹ ਆਪਸ ਵਿਚ ਕਹਿਣ ਲੱਗੇ :

"ਭਰਾਵੋ, ਅਸੀਂ ਸਾਰੇ ਛੱਤ ਤੋਂ ਹੇਠਾਂ ਨਹੀਂ ਜਾਵਾਂਗੇ ਅਤੇ ਬਿੱਲਾ ਇਥੇ ਨਹੀਂ ਪਹੁੰਚ ਸਕੇਗਾ !"

ਚੂਹਿਆਂ ਨੇ ਜਿਉਂ ਹੀ ਹੇਠਾਂ ਜਾਣਾ ਛੱਡਿਆ, ਤਿਉਂ ਹੀ ਬਿੱਲਾ ਸੋਚਣ ਲੱਗਾ ਕਿ ਉਨ੍ਹਾਂ ਨੂੰ ਕਿਵੇਂ ਚਕਮਾ ਦੇਵੇ ? ਉਸ ਨੇ ਇਕ ਚਲਾਕੀ ਸੋਚੀ। ਆਪਣੇ ਇਕ ਪੰਜੇ ਨਾਲ ਛੱਤ ਨੂੰ ਫੜ ਕੇ ਉਹ ਹੇਠਾਂ ਨੂੰ ਲਮਕ ਗਿਆ ਅਤੇ ਮੁਰਦਾ ਹੋਣ ਦਾ ਢੌਂਗ ਕਰਨ ਲੱਗਾ। ਇਕ ਚੂਹਾ ਉਸ ਨੂੰ ਲਮਕਦਿਆਂ ਦੇਖ ਕੇ ਬੋਲਿਆ :

"ਨਹੀਂ, ਮੇਰੇ ਭਾਈ ! ਤੂੰ ਚਾਹੇਂ ਬੋਰੀ ਹੀ ਕਿਉਂ ਨਾ ਬਣ ਜਾਵੇਂ, ਮੈਂ ਤਾਂ ਫਿਰ ਵੀ ਤੇਰੇ ਕੋਲ ਨਹੀਂ ਆਵਾਂਗਾ।"



# ਕਾਂ ਅਤੇ ਲੂੰਬੜੀ

ਇਕ ਕਾਂ ਨੇ ਕਿਤਿਓਂ ਮਾਸ ਦਾ ਟੁਕੜਾ ਹਾਸਿਲ ਕਰ ਲਿਆ ਅਤੇ ਉਹਨੂੰ ਚੁੰਝ 'ਚ ਦਬਾ ਕੇ ਰੁੱਖ ਥੱਲੇ ਬਹਿ ਗਿਆ। ਇੱਕ ਲੂੰਬੜੀ ਦਾ ਵੀ ਮਾਸ ਖਾਣ ਦਾ ਮਨ ਹੋਇਆ ਤੇ ਉਹ ਰੁੱਖ ਦੇ ਨਜ਼ਦੀਕ ਆ ਕੇ ਬੋਲੀ :

"ਓ ਕਾਂ, ਤੈਨੂੰ ਦੇਖਦੀ ਹਾਂ ਤਾਂ ਸੋਚਦੀ ਹਾਂ ਕਿ ਤੇਰੇ ਵਰਗੇ ਕੱਦ ਅਤੇ ਸੁੰਦਰਤਾ ਵਾਲੇ ਨੂੰ ਰਾਜਾ ਹੋਣਾ ਚਾਹੀਦਾ ਹੈ। ਜੇ ਤੇਰੇ ਕੋਲ ਜ਼ੋਰਦਾਰ ਆਵਾਜ਼ ਵੀ ਹੁੰਦੀ ਤਾਂ ਸਚਮੁਚ ਹੀ ਰਾਜਾ ਬਣ ਜਾਂਦਾ।"

ਕਾਂ ਨੇ ਇਹ ਸੁਣਿਆ ਤਾਂ ਮੂੰਹ ਖੋਲ੍ਹ ਕੇ ਪੂਰੇ ਜ਼ੋਰ ਨਾਲ ਕਾਂ-ਕਾਂ ਕਰਨ ਲੱਗਾ। ਮਾਸ ਦਾ ਟੁਕੜਾ ਹੇਠਾਂ ਡਿੱਗ ਪਿਆ। ਲੂੰਬੜੀ ਨੇ ਉਹਨੂੰ ਆਖਿਆ :

"ਓ ਕਾਂ, ਜੇ ਤੇਰੇ ਕੋਲ ਥੋੜ੍ਹੀ ਅਕਲ ਵੀ ਹੁੰਦੀ ਤਾਂ ਤੂੰ ਸਚਮੁਚ ਹੀ ਰਾਜਾ ਬਣ ਜਾਂਦਾ।"

# ਦੋ ਦੋਸਤ

ਦੋ ਦੋਸਤ ਜੰਗਲ ਵਿਚ ਜਾ ਰਹੇ ਸਨ ਕਿ ਇਕ ਭਾਲੂ ਅੱਗਿਓਂ ਆ ਗਿਆ। ਦੋਨਾਂ ਵਿਚੋਂ ਇਕ ਤਾਂ ਰੁੱਖ ਉਤੇ ਚੜ੍ਹ ਗਿਆ ਅਤੇ ਲੁਕ ਗਿਆ, ਪਰ ਦੂਜਾ ਉਥੇ ਹੀ ਰਹਿ ਗਿਆ। ਉਹਦੇ ਕੋਲ ਜ਼ਮੀਨ ਉਤੇ ਲੰਮੇ ਪੈ ਕੇ ਮੁਰਦਾ ਹੋਣ ਦਾ ਢੌਂਗ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਭਾਲੂ ਇਸ ਲੜਕੇ ਦੇ ਕੋਲ ਆ ਕੇ ਇਸ ਨੂੰ ਸੁੰਘਣ ਲੱਗਾ।

ਲੜਕੇ ਨੇ ਸਾਹ ਲੈਣਾ ਵੀ ਬੰਦ ਕਰ ਦਿੱਤਾ। ਭਾਲੂ ਨੇ ਉਹਦਾ ਮੂੰਹ ਸੁੰਘਿਆ ਅਤੇ ਇਹ ਮੰਨ ਕੇ ਕਿ ਮੁਰਦਾ ਪਿਆ ਹੈ, ਅੱਗੇ ਲੰਘ ਗਿਆ। ਭਾਲੂ ਦੇ ਜਾਣ ਮਗਰੋਂ ਦੂਜਾ ਲੜਕਾ ਰੁੱਖ ਤੋਂ ਹੇਠਾਂ ਉਤਰਿਆ ਅਤੇ ਉਸ ਨੇ ਹੱਸਦਿਆਂ ਪੁੱਛਿਆ :

"ਭਾਲੂ ਨੇ। ਤੇਰੇ ਕੰਨ ਵਿਚ ਕੀ ਕਿਹਾ ਸੀ ?"

"ਉਸ ਨੇ ਕਿਹਾ ਸੀ ਕਿ ਖ਼ਤਰੇ ਜਾਂ ਮੁਸੀਬਤ ਵੇਲੇ ਜਿਹੜੇ ਲੋਕ ਆਪਣੇ ਸਾਥੀਆਂ ਨੂੰ ਛੱਡ ਕੇ ਭੱਜ ਜਾਂਦੇ ਹਨ, ਉਹ ਬੁਰੇ ਹੁੰਦੇ ਹਨ।"

# ਕਿਸਾਨ ਅਤੇ ਜਲ-ਪ੍ਰੇਤ

ਕਿਸੇ ਕਿਸਾਨ ਦਾ ਕੁਹਾੜਾ ਪਾਣੀ ਵਿਚ ਡਿੱਗ ਪਿਆ। ਉਹ ਦੁਖੀ ਹੁੰਦਾ ਹੋਇਆ ਕਿਨਾਰੇ 'ਤੇ ਬੈਠ ਕੇ ਰੋਣ ਲੱਗਾ।

ਜਲ-ਪ੍ਰੇਤ ਨੇ ਕਿਸਾਨ ਨੂੰ ਰੋਂਦਿਆਂ ਸੁਣਿਆ ਤਾਂ ਉਸ ਨੂੰ ਉਹਦੇ 'ਤੇ ਤਰਸ ਆ ਗਿਆ। ਉਹ ਨਦੀ ਵਿਚੋਂ ਸੋਨੇ ਦਾ ਕੁਹਾੜਾ ਲੈ ਕੇ ਬਾਹਰ ਆਇਆ ਅਤੇ ਕਿਸਾਨ ਤੋਂ ਪੁੱਛਣ ਲੱਗਾ :

"ਇਹ ਤੇਰਾ ਕੁਹਾੜਾ ਹੈ ?"

ਕਿਸਾਨ ਨੇ ਕਿਹਾ :

"ਨਹੀਂ, ਇਹ ਮੇਰਾ ਨਹੀਂ ਹੈ।"

ਜਲ-ਪ੍ਰੇਤ ਦੂਜਾ, ਚਾਂਦੀ ਦਾ ਕੁਹਾੜਾ ਲੈ ਕੇ ਆਇਆ।

ਕਿਸਾਨ ਨੇ ਫਿਰ ਜਵਾਬ ਦਿੱਤਾ :

"ਨਹੀਂ, ਇਹ ਮੇਰਾ ਨਹੀਂ ਹੈ।"

ਫਿਰ ਜਲ-ਪ੍ਰੇਤ ਅਸਲੀ ਕੁਹਾੜਾ ਲੈ ਕੇ ਆਇਆ।

ਕਿਸਾਨ ਨੇ ਕਿਹਾ :

"ਹਾਂ, ਇਹ ਕੁਹਾੜਾ ਮੇਰਾ ਹੈ।"

ਜਲ-ਪ੍ਰੇਤ ਨੇ ਸੱਚ ਬੋਲਣ ਸਦਕਾ ਕਿਸਾਨ ਨੂੰ ਤਿੰਨੋਂ ਕੁਹਾੜੇ ਦੇ ਦਿੱਤੇ।

ਘਰ ਆ ਕੇ ਕਿਸਾਨ ਨੇ ਆਪਣੇ ਸਾਥੀਆਂ ਨੂੰ ਤਿੰਨੋਂ ਕੁਹਾੜੇ ਦਿਖਾਏ ਤੇ ਸਾਰਾ ਕਿੱਸਾ ਸੁਣਾਇਆ।

ਇਕ ਹੋਰ ਕਿਸਾਨ ਨੇ ਵੀ ਅਜਿਹਾ ਕਰਨ ਦਾ ਇਰਾਦਾ ਬਣਾਇਆ। ਉਹ ਨਦੀ ਕਿਨਾਰੇ ਗਿਆ। ਉਸ ਨੇ ਜਾਣ-ਬੁੱਝ ਕੇ ਆਪਣਾ ਕੁਹਾੜਾ ਨਦੀ ਵਿਚ ਸੁੱਟ ਦਿੱਤਾ ਅਤੇ ਤੱਟ ਉਤੇ ਬੈਠ ਕੇ ਰੋਣ ਲੱਗਾ।

ਜਲ-ਪ੍ਰੇਤ ਸੋਨੇ ਦਾ ਕੁਹਾੜਾ ਲੈ ਕੇ ਪਾਣੀ ਤੋਂ ਬਾਹਰ ਆਇਆ ਤੇ ਉਸ ਨੇ ਪੁੱਛਿਆ :

ਕਿਸਾਨ ਬੇਹੱਦ ਖ਼ੁਸ਼ ਹੋ ਕੇ ਉੱਚੀ ਦੇਣੀ ਬੋਲਿਆ :

"ਹਾਂ, ਮੇਰਾ ਹੈ, ਮੇਰਾ ਹੈ !"

ਜਲ-ਪ੍ਰੇਤ ਨੇ ਉਸ ਨੂੰ ਝੂਠ ਬੋਲਣ ਦੀ ਸਜ਼ਾ ਦਿੰਦਿਆਂ ਨਾ ਸਿਰਫ ਸੋਨੇ ਦਾ, ਸਗੋਂ ਉਹਦਾ ਆਪਣਾ ਕੁਹਾੜਾ ਵੀ ਨਾ ਦਿੱਤਾ।

# ਭੇੜੀਆ ਤੇ ਮੇਮਣਾ

ਕਿਸੇ ਭੇੜੀਏ ਨੇ ਦੇਖਿਆ ਕਿ ਇਕ ਮੇਮਣਾ ਨਦੀ ਉਤੇ ਪਾਣੀ ਪੀ ਰਿਹਾ ਹੈ।

ਭੇੜੀਏ ਨੇ ਉਸ ਨੂੰ ਖਾਣਾ ਚਾਹਿਆ ਅਤੇ ਉਸ ਨਾਲ ਝਗੜਾ ਕਰਨ ਲੱਗਾ :

"ਤੂੰ ਪਾਣੀ ਨੂੰ ਗੰਦਾ ਕਰ ਰਿਹੈਂ, ਮੈਨੂੰ ਪੀਣ ਨਹੀਂ ਦੇ ਰਿਹਾ।"

ਮੇਮਣੇ ਨੇ ਜਵਾਬ ਦਿੱਤਾ :



"ਓ ਭੇੜੀਏ, ਮੈਂ ਪਾਣੀ ਨੂੰ ਕਿਵੇਂ ਗੰਦਾ ਕਰ ਸਕਦਾ ਹਾਂ ? ਮੈਂ ਤਾਂ ਡੂੰਘੇ ਪਾਣੀ 'ਚ ਖੜ੍ਹਾ ਹਾਂ ਅਤੇ ਉਸ ਨੂੰ ਬੁੱਲ੍ਹਾਂ ਨਾਲ ਛੋਹ ਹੀ ਰਿਹਾ ਹਾਂ।"

"ਪਿਛਲੀ ਗਰਮੀ ਵਿਚ ਤੂੰ ਮੇਰੇ ਬਾਪ ਨਾਲ ਕਿਉਂ ਝਗੜਾ ਕੀਤਾ ਸੀ ?"

ਮੇਮਣੇ ਨੇ ਜਵਾਬ ਦਿੱਤਾ :

"ਪਿਛਲੀ ਗਰਮੀ ਵਿਚ ਤਾਂ ਮੈਂ ਪੈਦਾ ਵੀ ਨਹੀਂ ਹੋਇਆ ਸੀ।"

ਭੇੜੀਏ ਨੂੰ ਗੁੱਸਾ ਆ ਗਿਆ ਤੇ ਉਸ ਨੇ ਕਿਹਾ :

"ਤੇਰੇ ਕੋਲ ਤਾਂ ਹਰ ਗੱਲ ਦਾ ਜਵਾਬ ਤਿਆਰ ਹੈ। ਪਰ ਮੈਨੂੰ ਭੁੱਖ ਲੱਗੀ ਹੈ ਅਤੇ ਇਸ ਲਈ ਮੈਂ ਤੈਨੂੰ ਖਾ ਜਾਂਦਾ ਹਾਂ।"



# ਸ਼ੇਰ, ਭੇੜੀਆ ਤੇ ਲੂੰਬੜੀ

ਇਕ ਬੁੱਢਾ ਸ਼ੇਰ ਗੁਫਾ ਵਿਚ ਲੰਮਾ ਪਿਆ ਹੋਇਆ ਸੀ। ਸਾਰੇ ਜਾਨਵਰ ਸ਼ੇਰ ਦਾ ਹਾਲ-ਚਾਲ ਪੁੱਛਣ ਜਾਂਦੇ ਸਨ, ਸਿਰਫ ਲੂੰਬੜੀ ਹੀ ਨਾ ਗਈ। ਭੇੜੀਏ ਨੂੰ ਅਜਿਹਾ ਮੌਕਾ ਮਿਲਣ ਨਾਲ ਖ਼ੁਸ਼ੀ ਹੋਈ ਤੇ ਉਹ ਸ਼ੇਰ ਦੇ ਸਾਹਮਣੇ ਲੂੰਬੜੀ ਦੀ ਬੁਰਾਈ ਕਰਨ ਲੱਗਾ :

"ਉਹ ਤਾਂ ਤੁਹਾਨੂੰ ਜ਼ਰਾ ਵੀ ਅਹਿਮੀਅਤ ਨਹੀਂ ਦਿੰਦੀ, ਇਕ ਵਾਰ ਵੀ ਆਪਣੇ ਬਾਦਸ਼ਾਹ ਦੀ ਤਬੀਅਤ ਦਾ ਹਾਲ ਪੁੱਛਣ ਨਹੀਂ ਆਈ।"

ਭੇੜੀਆ ਜਦੋਂ ਇਹ ਕਹਿ ਰਿਹਾ ਸੀ, ਓਸੇ ਵੇਲੇ ਲੂੰਬੜੀ ਆ ਗਈ। ਉਸ ਨੇ ਭੇੜੀਏ ਦੇ ਇਹ ਸ਼ਬਦ ਸੁਣ ਲਏ ਅਤੇ ਮਨ ਵਿਚ ਸੋਚਿਆ : "ਜ਼ਰਾ ਸਬਰ ਕਰ ਭੇੜੀਏ, ਮੈਂ ਹੁਣੇ ਤੇਰੇ ਤੋਂ ਬਦਲਾ ਲੈਂਦੀ ਹਾਂ, ਬੱਚੂ !"

ਲੂੰਬੜੀ ਨੂੰ ਦੇਖਦਿਆਂ ਹੀ ਸ਼ੇਰ ਦਹਾੜਿਆ, ਪਰ ਲੂੰਬੜੀ ਨੇ ਉਸ ਨੂੰ ਕਿਹਾ :

"ਮੇਰੀ ਜਾਨ ਲੈਣ ਤੋਂ ਪਹਿਲਾਂ ਮੈਨੂੰ ਕਹਿ ਲੈਣ ਦਿਓ, ਹਜ਼ੂਰ ! ਮੈਂ ਇਸ ਲਈ ਨਹੀਂ ਆਈ ਕਿ ਮੈਨੂੰ ਵਕਤ ਨਹੀਂ ਮਿਲਿਆ ਤੇ ਵਕਤ ਇਸ ਲਈ ਨਹੀਂ ਮਿਲਿਆ ਕਿ ਮੈਂ ਡਾਕਟਰਾਂ-ਹਕੀਮਾਂ ਨੂੰ ਇਹ ਪੁੱਛਣ ਲਈ ਦੁਨੀਆ ਭਰ ਵਿਚ ਭੱਜਦੀ ਰਹੀ ਕਿ ਤੁਸੀਂ ਕਿਸ ਤਰ੍ਹਾਂ ਸਿਹਤਮੰਦ ਹੋ ਸਕਦੇ ਹੋ। ਹੁਣੇ-ਹੁਣੇ ਮੈਨੂੰ ਤੁਹਾਡਾ ਇਲਾਜ ਪਤਾ ਲੱਗਾ ਹੈ ਤੇ ਮੈਂ ਦੌੜਦੀ ਹੋਈ ਤੁਹਾਡੇ ਕੋਲ ਆਈ ਹਾਂ।"



ਸ਼ੇਰ ਨੇ ਪੁੱਛਿਆ :

"ਕੀ ਇਲਾਜ ਦੱਸਿਆ ਹੈ ਡਾਕਟਰਾਂ ਨੇ ?"

"ਉਨ੍ਹਾਂ ਨੇ ਦੱਸਿਆ ਹੈ ਕਿ ਜਿਊਂਦੇ ਭੇੜੀਏ ਨੂੰ ਮਾਰ ਕੇ ਉਹਦੀ ਖੱਲ ਨੂੰ ਠੰਢੀ ਹੋਣ ਤੋਂ ਪਹਿਲਾਂ ਹੀ ਤੁਹਾਨੂੰ ਉਸ ਨੂੰ ਆਪਣੇ ਬਦਨ ਉਤੇ ਲਪੇਟ ਲੈਣਾ ਚਾਹੀਦਾ ਹੈ।"

ਸ਼ੇਰ ਜਿਉਂ ਹੀ ਭੇੜੀਏ ਦੇ ਟੁਕੜੇ-ਟੁਕੜੇ ਕਰਨ ਲੱਗਾ, ਤਿਉਂ ਹੀ ਲੂੰਬੜੀ ਹੱਸੀ ਤੇ ਬੋਲੀ :

"ਤੂੰ ਇਸ ਦੇ ਲਾਇਕ ਹੀ ਸੀ, ਮੇਰੇ ਭਾਈ ! ਸ਼ਾਸਕਾਂ ਨੂੰ ਬੁਰਾਈ ਕਰਨ ਨੂੰ ਨਹੀਂ, ਸਗੋਂ ਭਲਾਈ ਕਰਨ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ।"

# ਸ਼ੇਰ, ਗਧਾ ਤੇ ਲੂੰਬੜੀ



ਸ਼ੇਰ, ਗਧਾ ਤੇ ਲੂੰਬੜੀ ਸ਼ਿਕਾਰ ਨੂੰ ਗਏ। ਉਨ੍ਹਾਂ ਨੇ ਬਹੁਤ ਸਾਰੇ ਜਾਨਵਰ ਮਾਰ ਸੁੱਟੇ ਤੇ ਫਿਰ ਸ਼ੇਰ ਨੇ ਗਧੇ ਨੂੰ ਉਨ੍ਹਾਂ ਨੂੰ ਵੰਡਣ ਲਈ ਆਖਿਆ :

"ਹੁਣ ਆਪਣਾ-ਆਪਣਾ ਹਿੱਸਾ ਲੈ ਲਵੋ।"

ਸ਼ੇਰ ਗੁੱਸੇ 'ਚ ਆ ਗਿਆ, ਗਧੇ ਨੂੰ ਖਾ ਗਿਆ ਤੇ ਉਸ ਨੇ ਲੂੰਬੜੀ ਨੂੰ ਜਾਨਵਰਾਂ ਵਿਚ ਵੰਡਣ ਲਈ ਕਿਹਾ। ਲੂੰਬੜੀ ਨੇ ਸਾਰੇ ਜਾਨਵਰਾਂ ਦੀ ਇਕ ਢੇਰੀ ਬਣਾ ਦਿੱਤੀ ਅਤੇ ਆਪਣੇ ਵਾਸਤੇ ਉਨ੍ਹਾਂ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਰੱਖਿਆ। ਸ਼ੇਰ ਨੇ ਇਹ ਦੇਖਿਆ ਤੇ ਆਖਿਆ :

"ਤੂੰ ਤਾਂ ਬੜੀ ਸਮਝਦਾਰ ਏਂ ! ਤੈਨੂੰ ਕਿਸ ਨੇ ਅਜਿਹੇ ਵਧੀਆ ਢੰਗ ਨਾਲ ਬਟਵਾਰਾ ਕਰਨਾ ਸਿਖਾਇਆ ਹੈ ?"

ਲੂੰਬੜੀ ਨੇ ਜਵਾਬ ਦਿੱਤਾ :

"ਗਧੇ ਦਾ ਜੋ ਹਾਲ ਹੋਇਆ ਹੈ, ਉਹ ਮੈਂ ਦੇਖਿਆ ਸੀ।"

# ਸਰਕੰਡਾ ਤੇ ਜੈਤੂਨ ਦਾ ਰੁੱਖ

ਸਰਕੰਡੇ ਅਤੇ ਜੈਤੂਨ ਦੇ ਰੁੱਖ ਵਿਚਾਲੇ ਇਹ ਬਹਿਸ ਹੋ ਗਈ ਕਿ ਉਨ੍ਹਾਂ ਦੋਹਾਂ ਵਿਚੋਂ ਕਿਹੜਾ ਜ਼ਿਆਦਾ ਮਜ਼ਬੂਤ ਅਤੇ ਤਾਕਤਵਰ ਹੈ। ਜੈਤੂਨ ਦੇ ਰੁੱਖ ਨੇ ਸਰਕੰਡੇ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਉਹ ਤਾਂ ਹਵਾ ਦਾ ਹਰ ਬੁੱਲ੍ਹਾ ਆਉਣ ਨਾਲ ਝੁਕ ਜਾਂਦਾ ਹੈ। ਸਰਕੰਡਾ ਖ਼ਾਮੋਸ਼ ਰਿਹਾ। ਜ਼ੋਰ ਦੀ ਹਨੇਰੀ ਆਈ—ਸਰਕੰਡਾ ਖ਼ੂਬ ਹਿੱਲਦਾ-ਡੁੱਲਦਾ, ਸੱਜੇ-ਖੱਬੇ ਹੁੰਦਾ ਅਤੇ ਜ਼ਮੀਨ ਉਤੇ ਝੁਕਦਾ ਰਿਹਾ—ਇਸ ਤਰ੍ਹਾਂ ਬਚ ਗਿਆ। ਜੈਤੂਨ ਦੇ ਰੁੱਖ ਨੇ ਆਪਣੀਆਂ ਟਾਹਣੀਆਂ ਨੂੰ ਹਨੇਰੀ ਦੇ ਖ਼ਿਲਾਫ਼ ਅਕੜਾ ਲਿਆ ਅਤੇ ਇਸ ਤਰ੍ਹਾਂ ਟੁੱਟ ਗਿਆ।

## VI

# ਬਿੱਲੀ ਅਤੇ ਭੇਡੂ

ਕਿਤੇ ਇਕ ਕਿਸਾਨ ਰਹਿੰਦਾ ਸੀ। ਉਸ ਕੋਲ ਇਕ ਬਿੱਲੀ ਅਤੇ ਇਕ ਭੇਡੂ ਸੀ। ਕਿਸਾਨ ਜਦੋਂ ਕੰਮ ਤੋਂ ਘਰ ਮੁੜਦਾ ਤਾਂ ਬਿੱਲੀ ਭੱਜ ਕੇ ਉਹਦੇ ਕੋਲ ਆਉਂਦੀ। ਉਹਦੇ ਹੱਥ ਚੱਟਦੀ, ਉਹਦੀ ਪਿੱਠ ਉਤੇ ਛਾਲਾਂ ਮਾਰਦੀ ਅਤੇ ਉਹਦੇ ਨਾਲ ਆਪਣਾ ਤਨ ਰਗੜਦੀ। ਕਿਸਾਨ ਉਹਨੂੰ ਪਲੋਸਦਾ ਤੇ ਉਹਨੂੰ ਖਾਣ ਨੂੰ ਰੋਟੀ ਦਿੰਦਾ।



ਭੇਡੂ ਦਾ ਮਨ ਹੋਇਆ ਕਿ ਉਸ ਨੂੰ ਵੀ ਇਸ ਤਰ੍ਹਾਂ ਪਲੋਸਿਆ ਜਾਵੇ ਅਤੇ ਰੋਟੀ ਖੁਆਈ ਜਾਵੇ। ਇਕ ਦਿਨ ਜਦੋਂ ਕਿਸਾਨ ਖੇਤ ਤੋਂ ਮੁੜਿਆ ਤਾਂ ਭੇਡੂ ਦੌੜਦਾ ਹੋਇਆ ਉਹਦੇ ਕੋਲ ਗਿਆ। ਉਸ ਨੇ ਉਹਦਾ ਹੱਥ ਚੱਟਿਆ, ਉਹਦੀਆਂ ਲੱਤਾਂ ਨਾਲ ਆਪਣਾ ਤਨ ਰਗੜਿਆ। ਕਿਸਾਨ ਨੂੰ ਇਹ ਸਭ ਮਜ਼ਾਕ ਲੱਗਾ ਅਤੇ ਉਹ ਇੰਤਜ਼ਾਰ ਕਰਨ ਲੱਗਾ ਕਿ ਅੱਗੇ ਕੀ ਹੋਵੇਗਾ ? ਭੇਡੂ ਪਿੱਛਿਓਂ ਆਇਆ, ਪਿਛਲੀਆਂ ਲੱਤਾਂ ਉਤੇ ਖੜ੍ਹਾ ਹੋ ਕੇ ਕਿਸਾਨ ਦੀ ਪਿੱਠ ਉਤੇ ਕੁੱਦਿਆ। ਕਿਸਾਨ ਭੁੰਜੇ ਡਿੱਗ ਪਿਆ।

ਕਿਸਾਨ ਦੇ ਬੇਟੇ ਨੇ ਜਦ ਇਹ ਦੇਖਿਆ ਕਿ ਭੇਡੂ ਨੇ ਉਸ ਦੇ ਪਿਤਾ ਨੂੰ ਭੁੰਜੇ ਸੁੱਟ ਦਿੱਤਾ ਹੈ ਤਾਂ ਉਸ ਨੇ ਕੋੜਾ ਲਿਆ ਤੇ ਭੇਡੂ ਦੀ ਬੇਹੱਦ ਕੁੱਟ-ਮਾਰ ਕੀਤੀ।

# ਖ਼ਰਗੋਸ਼

ਇਕ ਖ਼ਰਗੋਸ਼ ਕੁੱਤਿਆਂ ਤੋਂ ਬਚ ਕੇ ਜੰਗਲ ਵਿਚ ਦੌੜ ਗਿਆ। ਜੰਗਲ ਵਿਚ ਉਸ ਨੂੰ ਚੈਨ ਮਿਲੀ, ਪਰ ਕਿਉਂਕਿ ਉਹ ਬਹੁਤ ਜ਼ਿਆਦਾ ਡਰ ਗਿਆ ਸੀ, ਇਸ ਲਈ ਉਸ ਨੇ ਹੋਰ ਵੀ ਚੰਗੀ ਤਰ੍ਹਾਂ ਛੁਪ ਜਾਣਾ ਚਾਹਿਆ। ਉਹ ਕੋਈ ਹੋਰ ਵੀ ਡੂੰਘੀ ਥਾਂ ਲੱਭਣ ਲੱਗਾ, ਇਕ ਖੁੱਡ ਵਿਚ ਰੁੱਖਾਂ ਦੇ ਝੁਰਮਟ ਵਿਚ ਵੜ ਗਿਆ। ਪਰ ਉਥੇ ਇਕ ਭੇੜੀਆ ਛੁਪਿਆ ਹੋਇਆ ਸੀ ਜਿਸ ਨੇ ਉਸ ਨੂੰ ਦਬੋਚ ਲਿਆ। "ਸ਼ਾਇਦ ਇਹ ਠੀਕ ਹੀ ਕਿਹਾ ਜਾਂਦਾ ਹੈ," ਖ਼ਰਗੋਸ਼ ਨੇ ਸੋਚਿਆ, ਕਿ "ਜੋ ਹੈ, ਉਸ ਨਾਲ ਸਬਰ ਕਰਨਾ ਚਾਹੀਦਾ ਹੈ। ਮੈਂ ਬਹੁਤ ਚੰਗੀ ਤਰ੍ਹਾਂ ਛੁਪਣਾ ਚਾਹੁੰਦਾ ਸੀ, ਇਸ ਲਈ ਮਾਰਿਆ ਹੀ ਗਿਆ।"

# ਖ਼ਰਗੋਸ਼ ਅਤੇ ਕਛੂਆ

ਇਕ ਖ਼ਰਗੋਸ਼ ਅਤੇ ਕਛੂਏ ਵਿਚਾਲੇ ਬਹਿਸ ਹੋ ਗਈ ਕਿ ਕੌਣ ਜ਼ਿਆਦਾ ਤੇਜ਼ ਦੌੜਦਾ ਹੈ। ਉਨ੍ਹਾਂ ਨੇ ਡੇਢ੍ਹ ਕਿਲੋਮੀਟਰ ਤਕ ਦੌੜ ਲਾਉਣ ਦਾ ਫੈਸਲਾ ਕੀਤਾ। ਖ਼ਰਗੋਸ਼ ਤਾਂ ਤੁਰੰਤ ਹੀ ਕਛੂਏ ਨਾਲੋਂ ਅੱਗੇ ਨਿਕਲ ਗਿਆ, "ਮੈਨੂੰ ਕਾਹਲ ਕਰਨ ਦੀ ਕੀ ਲੋੜ ਹੈ ? ਮੈਂ ਥੋੜ੍ਹੀ ਦੇਰ ਆਰਾਮ ਕਰ ਸਕਦਾ ਹਾਂ।" ਉਹ ਬੈਠ ਗਿਆ ਤੇ ਉਹਨੂੰ ਨੀਂਦ ਆ ਗਈ। ਪਰ ਕਛੂਆ ਲਗਾਤਾਰ ਰੀਂਗਦਾ ਰਿਹਾ, ਰੀਂਗਦਾ ਰਿਹਾ। ਜਦੋਂ ਖ਼ਰਗੋਸ਼ ਦੀ ਅੱਖ ਖੁੱਲ੍ਹੀ ਤਾਂ ਕਛੂਆ ਡੇਢ੍ਹ ਕਿਲੋਮੀਟਰ ਦੀ ਮੰਜ਼ਿਲ ਵੀ ਤਹਿ ਕਰ ਚੁੱਕਾ ਸੀ।

# ਬਟੇਰੀ ਤੇ ਉਸ ਦੇ ਬੱਚੇ

ਇਕ ਬਟੇਰੀ ਜਵੀ ਦੇ ਖੇਤ ਵਿਚ ਆਪਣੇ ਬੱਚਿਆਂ ਨੂੰ ਪਾਲ ਰਹੀ ਸੀ ਤੇ ਲਗਾਤਾਰ ਚਿੰਤਤ ਰਹਿੰਦੀ ਸੀ ਕਿ ਖੇਤ ਦਾ ਮਾਲਕ ਕਿਤੇ ਫ਼ਸਲ ਦੀ ਕਟਾਈ ਨਾ ਸ਼ੁਰੂ ਕਰ ਦੇਵੇ। ਉਹ ਦਾਣਾ ਚੁਗਣ ਲਈ ਜਾਂਦੇ ਵਕਤ ਆਪਣੇ ਬੱਚਿਆਂ ਨੂੰ ਬਹੁਤ ਧਿਆਨ ਨਾਲ ਲੋਕਾਂ ਦੀਆਂ ਗੱਲਾਂ ਸੁਣਨ ਨੂੰ ਕਹਿ ਜਾਂਦੀ।

ਇਕ ਸ਼ਾਮ ਬਟੇਰੀ ਪਰਤੀ ਤਾਂ ਬੱਚਿਆਂ ਨੇ ਦੱਸਿਆ :

"ਬੁਰੀ ਖ਼ਬਰ ਹੈ, ਮਾਂ। ਮਾਲਿਕ ਆਪਣੇ ਬੇਟੇ ਨਾਲ ਆਇਆ

ਸੀ ਤੇ ਉਸ ਨੇ ਕਿਹਾ : 'ਸਾਡੀ ਜਵੀ ਦੀ ਫਸਲ ਪੱਕ ਗਈ ਅਤੇ ਹੁਣ ਉਸ ਨੂੰ ਕੱਟਣਾ ਚਾਹੀਦਾ ਹੈ। ਤੂੰ ਸਾਡੇ ਗੁਆਂਢੀਆਂ ਤੇ ਦੋਸਤਾਂ-ਮਿੱਤਰਾਂ ਦੇ ਕੋਲ ਜਾ ਕੇ ਉਨ੍ਹਾਂ ਨੂੰ ਕਹੋ ਕਿ ਮੈਂ ਉਨ੍ਹਾਂ ਨਾਲ ਫ਼ਸਲ ਕੱਟਣ ਲਈ ਆਉਣ ਦੀ ਬੇਨਤੀ ਕਰਦਾ ਹਾਂ।' ਇਹ ਤਾਂ ਬਹੁਤ ਬੁਰੀ ਗੱਲ ਹੈ। ਮਾਂ, ਸਾਨੂੰ ਕਿਤੇ ਹੋਰ ਲੈ ਜਾਉ, ਕਿਉਂਕਿ ਕੱਲ੍ਹ ਸਵੇਰੇ ਹੀ ਮਾਲਕ ਦੇ ਗੁਆਂਢੀ ਫ਼ਸਲ ਕੱਟਣ ਆ ਜਾਣਗੇ।"

ਬੁੱਢੀ ਬਟੇਰੀ ਨੇ ਇਹ ਸੁਣਿਆ ਤੇ ਬੋਲੀ : "ਫ਼ਿਕਰ ਵਾਲੀ

ਕੋਈ ਗੱਲ ਨਹੀਂ, ਬੱਚਿਓ ! ਤੁਸੀਂ ਆਰਾਮ ਨਾਲ ਇਥੇ ਬੈਠੇ ਰਹੋ, ਅਜੇ ਕੁਝ ਸਮੇਂ ਤਕ ਫ਼ਸਲ ਨਹੀਂ ਕੱਟੀ ਜਾਵੇਗੀ।"

ਅਗਲੇ ਦਿਨ ਉਹ ਫਿਰ ਤੜਕੇ ਹੀ ਉੱਡ ਗਈ ਅਤੇ ਬਹੁਤ ਧਿਆਨ ਨਾਲ ਮਾਲਕ ਦੀ ਗੱਲਬਾਤ ਨੂੰ ਸੁਣਨ ਲਈ ਕਹਿ ਗਈ। ਬੁੱਢੀ ਬਟੇਰੀ ਜਦੋਂ ਸ਼ਾਮ ਨੂੰ ਪਰਤੀ ਤਾਂ ਬੱਚਿਆਂ ਨੇ ਉਸ ਨੂੰ ਦੱਸਿਆ :

"ਮਾਲਕ ਫਿਰ ਆਇਆ ਸੀ। ਉਹ ਦੋਸਤਾਂ ਅਤੇ ਗੁਆਂਢੀਆਂ ਦੀ ਉਡੀਕ ਕਰਦਾ ਰਿਹਾ, ਪਰ ਕੋਈ ਵੀ ਨਾ ਆਇਆ। ਉਸ ਨੇ ਬੇਟੇ ਨੂੰ ਕਿਹਾ : ਤੂੰ ਆਪਣੇ ਭਰਾਵਾਂ ਨੂੰ, ਬਹਿਨੋਈਆਂ ਤੇ ਰਿਸ਼ਤੇ-ਦਾਰਾਂ ਨੂੰ ਜਾ ਕੇ ਕਹਿ ਆ ਕਿ ਪਿਤਾ ਜੀ ਨੇ ਜਵੀ ਦੀ ਫਸਲ ਦੀ ਕਟਵਾਉਣ ਲਈ ਭਲਕੇ ਆਉਣ ਦੀ ਬੇਨਤੀ ਕੀਤੀ ਹੈ।"

"ਤੁਸੀਂ ਫ਼ਿਕਰ ਨਾ ਕਰੋ ਬੱਚਿਓ, ਭਲਕੇ ਵੀ ਫ਼ਸਲ ਨਹੀਂ ਕੱਟੀ ਜਾਵੇਗੀ," ਬੁੱਢੀ ਬਟੇਰੀ ਨੇ ਕਿਹਾ।



ਅਗਲੇ ਦਿਨ ਫਿਰ ਪਰਤਣ ਵੇਲੇ ਉਸ ਨੇ ਬੱਚਿਆਂ ਨੂੰ ਪੁੱਛਿਆ :

"ਅੱਜ ਕੀ ਹੋਇਆ, ਬੱਚਿਓ !"

"ਮਾਲਕ ਅੱਜ ਫਿਰ ਬੇਟੇ ਨਾਲ ਆਇਆ ਸੀ। ਉਹ ਦੋਵੇਂ ਰਿਸ਼ਤੇਦਾਰਾਂ ਦੀ ਇੰਤਜ਼ਾਰ ਕਰਦੇ ਰਹੇ, ਪਰ ਕੋਈ ਵੀ ਨਾ ਆਇਆ। ਫਿਰ ਉਸ ਦੇ ਬੇਟੇ ਨੇ ਕਿਹਾ, 'ਲਗਦਾ ਹੈ ਕਿ ਸਾਨੂੰ ਕਿਸੇ ਦੀ ਮਦਦ ਦੀ ਉਮੀਦ ਨਹੀਂ ਕਰਨੀ ਚਾਹੀਦੀ। ਜਵੀ ਪੱਕ ਗਈ ਹੈ। ਤੁਸੀਂ ਆਪਣੀਆਂ ਦਾੱਤੀਆਂ ਤਿਆਰ ਕਰ ਲਵੋ। ਕੱਲ੍ਹ ਤੜਕੇ ਅਸੀਂ ਖੁਦ ਹੀ ਫ਼ਸਲ ਕੱਟਣ ਆਵਾਂਗੇ'।"

"ਤੇ ਬੱਚਿਓ," ਬਟੇਰੀ ਬੋਲੀ, "ਜੇ ਦੂਜਿਆਂ ਦੀ ਮਦਦ ਦੀ ਉਡੀਕ ਕੀਤੇ ਬਿਨਾਂ ਆਦਮੀ ਖੁਦ ਹੀ ਆਪਣਾ ਕੰਮ ਕਰਨ ਨੂੰ ਤਿਆਰ ਹੋ ਜਾਂਦਾ ਹੈ ਤਾਂ ਉਹ ਉਸ ਨੂੰ ਕਰ ਹੀ ਲਵੇਗਾ। ਹੁਣ ਸਾਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ।"

# ਮੋਰ

ਇਕ ਵਾਰ ਪੰਛੀ ਆਪਣਾ ਜ਼ਾਰ ਯਾਨੀ ਰਾਜਾ ਚੁਣਨ ਲਈ ਇਕੱਠੇ ਹੋਏ। ਮੋਰ ਨੇ ਖੰਭ ਖਿਲਾਰ ਲਏ ਤੇ ਆਪਣੇ-ਆਪ ਨੂੰ ਜ਼ਾਰ ਕਹਿਣ ਲੱਗਾ। ਸਾਰੇ ਪੰਛੀਆਂ ਨੇ ਉਸ ਦੀ ਸੁੰਦਰਤਾ ਲਈ ਉਸ ਨੂੰ ਜ਼ਾਰ ਚੁਣ ਲੈਣਾ ਚਾਹਿਆ। ਇਸ ਦੌਰਾਨ ਮੈਨਾ ਨੇ ਪੁੱਛਿਆ :



"ਮੋਰ, ਤੂੰ ਸਾਨੂੰ ਇਹ ਦੱਸ ਪਈ ਜੇ ਬਾਜ਼ ਜਦ ਸਾਡੇ ਉਤੇ ਝਪਟੇਗਾ ਤਾਂ ਜ਼ਾਰ ਬਣ ਜਾਣ 'ਤੇ ਉਸ ਤੋਂ ਸਾਡੀ ਰੱਖਿਆ ਕਿਵੇਂ ਕਰੇਂਗਾ ?"

ਮੋਰ ਨੂੰ ਕੋਈ ਜਵਾਬ ਨਾ ਸੁੱਝਿਆ। ਸਾਰੇ ਪੰਛੀ ਸੋਚਣ ਲੱਗੇ ਕਿ ਮੋਰ ਨੂੰ ਜ਼ਾਰ ਚੁਣਨਾ ਠੀਕ ਹੋਵੇਗਾ ਜਾਂ ਨਹੀਂ। ਉਨ੍ਹਾਂ ਨੇ ਮੋਰ ਦੀ ਬਜਾਇ ਉਕਾਬ ਨੂੰ ਆਪਣਾ ਰਾਜਾ ਚੁਣ ਲਿਆ।



# ਰਿੱਛ ਤੇ ਮਧੂ ਮੱਖੀਆਂ

ਇਕ ਰਿੱਛ ਰੋਜ਼ਾਨਾ ਮਧੂ ਮੱਖੀਆਂ ਦੇ ਛੱਤੇ ਉਤੇ ਆ ਜਾਂਦਾ ਤੇ ਉਥੋਂ ਸ਼ਹਿਦ ਆਪਣੇ ਘਰ ਲੈ ਜਾਂਦਾ। ਇਕ ਦਿਨ ਸਾਰੀਆਂ ਮੱਖੀਆਂ ਉੱਡੀਆਂ ਤੇ ਉਹਦੇ ਨੱਕ 'ਤੇ ਝਪਟੀਆਂ, ਜ਼ੋਰ-ਜ਼ੋਰ ਨਾਲ ਉਹਨੂੰ ਕੱਟਦੀਆਂ, ਸਾਰੀਆਂ ਨੱਕ ਨੂੰ ਆ ਲੱਗੀਆਂ।

"ਹਾਏ, ਹੁਣ ਨੱਕ ਦਾ ਕੀ ਹੋਵੇਗਾ ?" ਰਿੱਛ ਇਹ ਆਖੇ,
ਤੇ ਰੁਕੇ ਬਿਨਾਂ ਫੁਰਤੀ ਨਾਲ ਘਰ ਨੂੰ ਭੱਜਿਆ ਜਾਵੇ।



# ਮਧੂ ਮੱਖੀਆਂ ਤੇ ਨਰ-ਮਧੂ ਮੱਖੀਆਂ

ਗਰਮੀਆਂ ਆਉਂਦਿਆਂ ਹੀ ਮਧੂ ਮੱਖੀਆਂ ਦੇ ਨਰ ਇਸ ਗੱਲ 'ਤੇ ਉਨ੍ਹਾਂ ਨਾਲ ਲੜਨ ਲੱਗੇ ਕਿ ਉਨ੍ਹਾਂ ਵਿਚੋਂ ਕੌਣ ਸ਼ਹਿਦ ਖਾਵੇਗਾ ? ਮਧੂ ਮੱਖੀਆਂ ਨੇ ਦਮੋੜੀ ਨੂੰ ਇਸ ਝਗੜੇ ਦਾ ਫ਼ੈਸਲਾ ਕਰਨ ਲਈ ਸੱਦਿਆ। ਦਮੋੜੀ ਬੋਲੀ :

"ਮੈਂ ਫ਼ੌਰਨ ਇਸ ਝਗੜੇ ਦਾ ਹੱਲ ਨਹੀਂ ਕਰ ਸਕਦੀ। ਮੈਨੂੰ ਇਹ ਪਤਾ ਨਹੀਂ ਕਿ ਤੁਹਾਡੇ ਵਿਚੋਂ ਕੌਣ ਸ਼ਹਿਦ ਬਣਉਂਦਾ ਹੈ। ਤੁਸੀਂ ਅਲੱਗ-ਅਲੱਗ ਛੱਤਿਆਂ ਉਤੇ ਚਲੇ ਜਾਓ—ਇਕ ਵਿਚ ਮਧੂ ਮੱਖੀਆਂ ਤੇ ਦੂਜੇ ਉਤੇ ਨਰ। ਇਕ ਹਫ਼ਤੇ ਮਗਰੋਂ ਮੈਂ ਇਹ ਦੇਖਾਂਗਾ ਕਿ ਤੁਹਾਡੇ ਵਿਚੋਂ ਜ਼ਿਆਦਾ ਵਧੀਆ ਸ਼ਹਿਦ ਕੌਣ ਬਣਾਉਂਦਾ ਹੈ ? ਨਰ ਝਗੜਨ ਲੱਗ : "ਨਹੀਂ, ਅਸੀਂ ਸਹਿਮਤ ਨਹੀਂ ਹਾਂ," ਉਨ੍ਹਾਂ ਨੇ ਕਿਹਾ, "ਨਹੀਂ, ਤੁਸੀਂ ਹੁਣੇ ਇਸ ਦਾ ਫ਼ੈਸਲਾ ਕਰੋ।"

ਦਮੋੜੀ ਬੋਲੀ : "ਚੰਗੀ ਗੱਲ ਹੈ, ਮੈਂ ਹੁਣੇ ਇਸ ਦਾ ਫ਼ੈਸਲਾ ਕਰਦੀ ਹਾਂ। ਤੁਸੀਂ ਨਰ ਇਸ ਲਈ ਸਹਿਮਤ ਨਹੀਂ ਹੋ ਕਿਉਂਕਿ ਤੁਸੀਂ ਸ਼ਹਿਦ ਬਣਾਉਣਾ ਨਹੀਂ ਜਾਣਦੇ ਅਤੇ ਪਰਾਇਆ ਸ਼ਹਿਦ ਖਾਣਾ ਹੀ ਪਸੰਦ ਕਰਦੇ ਹੋ। ਮਧੂ ਮੱਖੀਓ, ਤੁਸੀਂ ਇਨ੍ਹਾਂ ਵਿਹਲੜਾਂ ਨੂੰ ਦੂਰ ਭਜਾ ਦਿਓ।

ਤੇ ਮਧੂ ਮੱਖੀਆਂ ਨੇ ਉਨ੍ਹਾਂ ਨੂੰ ਭਜਾ ਦਿੱਤਾ।



# ਮਰ ਤ ਸਾਰਸ

ਇਕ ਮੋਰ ਤੇ ਸਾਰਸ ਵਿਚਾਲੇ ਬਹਿਸ ਹੋ ਗਈ ਕਿ ਉਨ੍ਹਾਂ ਵਿਚੋਂ ਕੌਣ ਵਧੇਰੇ ਮਹੱਤਵਪੂਰਨ ਹੈ। ਮੋਰ ਬੋਲਿਆ :

"ਮੈਂ ਸਾਰੇ ਪੰਛੀਆਂ ਵਿਚੋਂ ਬਹੁਤ ਸੁੰਦਰ ਹਾਂ। ਮੇਰੀ ਪੂਛ ਵਿਚ ਸਤਰੰਗੀ ਪੀਂਘ ਦੇ ਸਾਰੇ ਰੰਗ ਚਮਕਦੇ ਹਨ, ਜਦਕਿ ਤੂੰ ਭੂਰਾ ਤੇ ਭੱਦਾ-ਭੱਦਾ ਏਂ।"

ਸਾਰਸ ਨੇ ਜਵਾਬ ਦਿੱਤਾ :

"ਪਰ ਮੈਂ ਉੱਚੇ ਅਸਮਾਨ ਵਿਚ ਉਂਡਦਾ ਹਾਂ ਤੇ ਤੂੰ ਗੰਦੇ ਥਾਂ ਘੁੰਮਦਾ ਏਂ।"

# ਬਟੇਰਾ ਤੇ ਸ਼ਿਕਾਰੀ

ਇਕ ਬਟੇਰਾ ਕਿਸੇ ਸ਼ਿਕਾਰੀ ਦੇ ਜਾਲ ਵਿਚ ਫਸ ਗਿਆ ਤੇ ਉਹਦੀਆ ਮਿੰਨਤਾਂ ਤਰਲੇ ਕਰਨ ਲੱਗਾ ਕਿ ਉਹ ਉਸ ਨੂੰ ਛੱਡ ਦੇਵੇ।

"ਤੂੰ ਮੈਨੂੰ ਆਜ਼ਾਦ ਕਰ ਦੇ," ਉਸ ਆਖਿਆ, "ਮੈਂ ਤੇਰੇ ਕੰਮ ਆਵਾਂਗਾ। ਮੈਂ ਦੂਜੇ ਬਟੇਰੇ ਨੂੰ ਤੇਰੇ ਜਾਲ ਵਿਚ ਲਿਆ ਕੇ ਫਸਾ 
ਦਿਆਂਗਾ।"

"ਸੁਣ ਓਏ, ਬਟੇਰੇ," ਸ਼ਿਕਾਰੀ ਨੇ ਕਿਹਾ, "ਮੈਂ ਤਾਂ ਉਂਝ ਹੀ ਤੈਨੂੰ ਛੱਡ ਦਿੰਦਾ ਪਰ ਹੁਣ ਬਿਲਕੁਲ ਨਹੀਂ ਛੱਡਾਂਗਾ । ਮੈਂ ਤਾਂ ਸਿਰਫ਼ ਇਸ ਲਈ ਤੇਰੀ ਧੌਣ ਮਰੋੜ ਦਿਆਂਗਾ ਕਿ ਤੂੰ ਆਪਣੇ ਭਰਾਵਾਂ ਨਾਲ ਗੱਦਾਰੀ ਕਰਨੀ ਚਾਹੁੰਦਾ ਏਂ।"

# ਚਿੜੀ

ਕਿਸੇ ਚਿੜੀ ਨੇ ਦੇਖਿਆ ਕਿ ਆਦਮੀ ਸਣ ਬੀਜਣ ਜਾ ਰਿਹਾ ਹੈ। ਉਹ ਉੱਡ ਕੇ ਦੂਜੇ ਪੰਛੀਆਂ ਕੋਲ ਗਈ ਤੇ ਬੋਲੀ, "ਪੰਛੀਓ, ਸਣ ਦੇ ਬੀਜ ਖਾਣ ਲਈ ਫੁਰਤੀ ਨਾਲ ਉੱਡ ਕੇ ਮੇਰੇ ਨਾਲ ਚਲੋ। ਜਦੋਂ ਸਣ ਦੇ ਪੌਦੇ ਵੱਡੇ ਹੋ ਜਾਣਗੇ ਤਾਂ ਆਦਮੀ ਉਨ੍ਹਾਂ ਤੋਂ ਧਾਗੇ ਬਣਾਵੇਗਾ। ਧਾਗਿਆਂ ਨਾਲ ਜਾਲ ਬੁਣੇਗਾ ਤੇ ਸਾਨੂੰ ਫੜੇਗਾ।" ਪੰਛੀਆਂ ਨੇ ਚਿੜੀ ਦੀ ਗੱਲ ਨਾ ਸੁਣੀ ਤੇ ਉਹ ਇਕੱਲੀ ਹੀ ਬੀਜ ਨਹੀਂ ਖਾ ਸਕੀ। ਸਣ ਦੇ ਪੌਦਿਆਂ ਉਤੇ ਫੁੱਲ ਆ ਗਏ। ਚਿੜੀ ਨੇ ਫਿਰ ਪੰਛੀਆਂ ਨੂੰ ਇਨ੍ਹਾਂ ਫੁੱਲਾਂ ਨੂੰ ਨਸ਼ਟ ਕਰਨ ਲਈ ਚੱਲਣ ਨੂੰ ਕਿਹਾ, "ਤਾਂ ਕਿ ਉਨ੍ਹਾਂ ਨੂੰ ਮੁਸੀਬਤ ਦਾ ਮੂੰਹ ਨਾ ਦੇਖਣਾ ਪਵੇ। ਪੰਛੀਆਂ ਨੇ ਇਸ ਵਾਰ ਵੀ ਉਹਦੀ ਗੱਲ ਵਲ ਕੰਨ ਨਾ ਕੀਤਾ। ਸਣ ਦੇ ਸਿੱਟੇ ਨਿਕਲ ਆਏ। ਚਿੜੀ ਨੇ ਤੀਜੀ ਵਾਰ ਪੰਛੀਆਂ ਨੂੰ ਉਨ੍ਹਾਂ ਨੂੰ ਨਸ਼ਟ ਕਰਨ ਲਈ  ਕਿਹਾ। ਪੰਛੀਆਂ ਨੇ ਤੀਜੀ ਵਾਰ ਵੀ ਉਹਦੀ ਗੱਲ ਅਣਸੁਣੀ ਕਰ ਦਿੱਤੀ। ਫਿਰ ਚਿੜੀ ਪੰਛੀਆਂ ਨਾਲ ਨਾਰਾਜ਼ ਹੋ ਗਈ, ਉਨ੍ਹਾਂ ਨੂੰ ਛੱਡ ਕੇ ਉੱਡ ਗਈ ਤੇ ਲੋਕਾਂ ਨਾਲ ਰਹਿਣ ਲੱਗ ਪਈ।

# ਬਾਜ਼ ਤੇ ਕਬੂਤਰ

ਇਕ ਬਾਜ਼ ਕਬੂਤਰਾਂ ਦਾ ਪਿੱਛਾ ਕਰਦਾ ਰਿਹਾ, ਕਰਦਾ ਰਿਹਾ, ਪਰ ਉਸ ਨੂੰ ਇਕ ਵੀ ਕਬੂਤਰ ਫੜਨ ਵਿਚ ਸਫਲਤਾ ਨਾ ਮਿਲੀ। ਫਿਰ ਉਸ ਨੇ ਉਨ੍ਹਾਂ ਨੂੰ ਧੋਖਾ ਦੇਣ ਦੀ ਤਰਕੀਬ ਸੋਚੀ। ਉਹ ਕਬੂਤਰਾਂ ਦੇ ਦੜਬੇ ਦੇ ਨੇੜੇ ਇਕ ਰੁੱਖ ਉਤੇ ਜਾ ਬੈਠਾ ਤੇ ਉਨ੍ਹਾਂ ਨੂੰ ਕਹਿਣ ਲੱਗਾ ਕਿ ਉਹ ਉਨ੍ਹਾਂ ਦੀ ਸੇਵਾ ਕਰਨਾ ਚਾਹੁੰਦਾ ਹੈ।

"ਮੇਰੇ ਕੋਲ ਤਾਂ ਕੋਈ ਕੰਮ-ਕਾਜ ਨਹੀਂ ਹੈ," ਉਸ ਨੇ ਆਖਿਆ, "ਤੇ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਤੁਸੀਂ ਮੈਨੂੰ ਦੜਬੇ ਵਿਚ ਆਉਣ ਦਿਓ, ਮੈਨੂੰ ਆਪਣਾ ਜ਼ਾਰ ਬਣਾ ਲਉ ਤੇ ਫਿਰ ਕੋਈ ਬੁਰਾਈ ਨਹੀਂ ਕਰਾਂਗਾ। ਸਗੋਂ ਕਿਸੇ ਨੂੰ ਵੀ ਤੁਹਾਡੇ ਨਾਲ 
ਕੋਈ ਜ਼ਿਆਦਤੀ ਨਹੀਂ ਕਰਨ ਦਿਆਂਗਾ।"

ਕਬੂਤਰ ਮੰਨ ਗਏ ਤੇ ਉਨ੍ਹਾਂ ਨੇ ਬਾਜ਼ ਨੂੰ ਆਪਣੇ ਦੜਬੇ ਵਿਚ ਆਉਣ ਦਿੱਤਾ। ਦੜਬੇ ਵਿਚ ਆ ਜਾਣ ਤੋਂ ਬਾਅਦ ਬਾਜ਼ ਦੂਜੀ ਹੀ ਬੋਲੀ ਵਿਚ ਬੋਲਣ ਲੱਗਾ :

"ਮੈਂ ਤੁਹਾਡਾ ਜ਼ਾਰ ਹਾਂ ਤੇ ਤੁਹਾਨੂੰ ਮੇਰੀ ਹਰ ਗੱਲ ਮੰਨਣੀ ਚਾਹੀਦੀ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੈਨੂੰ ਆਪਣੇ ਖਾਣ ਲਈ ਰੋਜ਼ਾਨਾ ਇਕ ਕਬੂਤਰ ਚਾਹੀਦਾ ਹੈ।"

ਤੇ ਉਹ ਹਰ ਰੋਜ਼ ਇਕ ਕਬੂਤਰ ਖਾਣ ਲੱਗਾ। ਕਬੂਤਰ ਬੇਹੱਦ ਦੁਖੀ ਹੋ ਕੇ ਸੋਚਣ ਲੱਗੇ ਕਿ ਉਹ ਕੀ ਕਰਨ ? ਪਰ ਹੁਣ ਤਾਂ ਬਹੁਤ ਦੇਰ ਹੋ ਚੁੱਕੀ ਸੀ।

"ਇਸ ਨੂੰ ਤਾਂ ਦੜਬੇ ਵਿਚ ਆਉਣ ਨਹੀਂ ਦੇਣਾ ਚਾਹੀਦਾ ਸੀ," ਉਨ੍ਹਾਂ ਆਖਿਆ। "ਪਰ ਹੁਣ ਤਾਂ ਕੁਝ ਵੀ ਨਹੀਂ ਹੋ ਸਕਦਾ

# ਮਾਲਕ ਤੇ ਨੌਕਰ

ਕਿਸੇ ਘਰ ਵਿਚ ਬਹੁਤ ਸਾਰੇ ਲੋਕ ਵਿਆਹ ਦੇ ਮੌਕੇ ਇਕੱਠੇ ਹੋਏ। ਗੁਆਂਢੀ ਨੇ ਆਪਣੇ ਨੌਕਰ ਨੂੰ ਬੁਲਾ ਕੇ ਕਿਹਾ :

"ਜਾ ਕੇ ਦੇਖ ਵਿਆਹ ਵਿਚ ਕਿੰਨੇ ਲੋਕ ਆਏ ਨੇ।"

ਨੌਕਰ ਗਿਆ, ਉਸ ਨੇ ਰਾਹ ਵਿਚ ਇਕ ਲੱਠ ਰੱਖ ਦਿੱਤੀ ਤੇ ਕਿਨਾਰੇ 'ਤੇ ਬੈਠ ਕੇ ਉਹ ਉਡੀਕ ਕਰਨ ਲੱਗਾ ਕਿ ਕਦੋਂ ਲੋਕ ਘਰ 'ਚੋਂ ਬਾਹਰ ਨਿਕਲਣਗੇ।

ਲੋਕ ਬਾਹਰ ਆਉਣ ਲੱਗੇ। ਜਿਹੜਾ ਵੀ ਬਾਹਰ ਆਉਂਦਾ, ਲੱਠ ਨਾਲ ਠੋਕਰ ਖਾਂਦਾ। ਬੁਰਾ-ਭਲਾ ਕਹਿੰਦਾ ਤੇ ਅੱਗੇ ਚਲਾ ਜਾਂਦਾ। ਸਿਰਫ਼ ਇਕ ਬੁੱਢੀ ਹੀ ਅਜਿਹੀ ਬਾਹਰ ਆਈ ਜੋ ਲੱਠ ਨਾਲ ਠੋਕਰ ਖਾ ਕੇ ਵਾਪਸ ਆਈ ਤੇ ਉਸ ਨੇ ਉਸ ਨੂੰ ਚੁੱਕ ਕੇ ਇਕ ਪਾਸੇ ਰੱਖ ਦਿੱਤਾ।

ਨੌਕਰ ਆਪਣੇ ਮਾਲਕ ਕੋਲ ਵਾਪਸ ਗਿਆ। ਮਾਲਕ ਨੇ ਪੁੱਛਿਆ :

"ਬਹੁਤ ਲੋਕ ਆਏ ਸੀ ਉਥੇ ?"

ਨੌਕਰ ਨੇ ਜਵਾਬ ਦਿੱਤਾ :

"ਸਿਰਫ ਇਕ ਹੀ, ਤੇ ਉਹ ਵੀ ਬੁੱਢੀ।"

"ਭਲਾ ਇਹ ਕਿਵੇਂ ਹੋ ਸਕਦਾ ਹੈ ?"

ਇਸ ਲਈ ਕਿ ਮੈਂ ਰਾਹ ਵਿਚ ਲੱਕੜੀ ਦਾ ਇਕ ਮੋਛਾ-ਲੱਠ ਸੁੱਟ ਦਿੱਤਾ ਸੀ, ਸਾਰੇ ਉਸ ਨੂੰ ਠੋਕਰ ਮਾਰ ਕੇ ਡਿੱਗਦੇ ਰਹੇ, ਪਰ ਕਿਸੇ ਨੇ ਵੀ ਉਸ ਨੂੰ ਪਾਸੇ ਨਹੀਂ ਕੀਤਾ। ਭੇਡਾਂ ਵੀ ਇਉਂ ਹੀ ਕਰਦੀਆਂ ਹਨ। ਸਿਰਫ ਇਕ ਬੁੱਢੀ ਨੇ ਉਸ ਨੂੰ ਚੁੱਕ ਕੇ ਇਕ ਪਾਸੇ ਕਰ ਦਿੱਤਾ। ਤਾਂਕਿ ਦੂਜੇ ਲੋਕ ਨਾ ਡਿੱਗਣ। ਸਿਰਫ਼ ਉਹ ਹੀ ਇਨਸਾਨ ਹੈ।

## ਹਾਂਡੀ ਤੇ ਕੜਾਹੀ

ਹਾਂਡੀ ਤੇ ਕੜਾਹੀ ਵਿਚਾਲੇ ਝਗੜਾ ਹੋ ਗਿਆ। ਹਾਂਡੀ ਨੇ ਕੜਾਹੀ ਨੂੰ ਇਹ ਧਮਕੀ ਦਿੱਤੀ ਕਿ ਉਹ ਉਸ ਉਤੇ ਸੱਟ ਮਾਰੇਗੀ।

"ਇਹਦੇ ਨਾਲ ਕੀ ਫਰਕ ਪੈਂਦਾ ਹੈ ," ਕੜਾਹੀ ਨੇ ਜਵਾਬ ਦਿੱਤਾ, "ਕਿ ਤੂੰ ਮੇਰੇ 'ਤੇ ਚੋਟ ਮਾਰੇਂਗੀ ਜਾਂ ਮੈਂ ਤੇਰੇ 'ਤੇ। ਹਰ ਹਾਲਤ ਵਿਚ ਤੂੰ ਹੀ ਟੁੱਟੇਂਗੀ।"

# ਚਮਗਿੱਦੜ

ਬਹੁਤ ਪੁਰਾਣੇ ਜ਼ਮਾਨੇ ਵਿਚ ਜਾਨਵਰਾਂ ਤੇ ਪੰਛੀਆਂ ਵਿਚਾਲੇ ਜ਼ੋਰਦਾਰ ਲੜਾਈ ਹੋਈ। ਚਮਗਿੱਦੜ ਨੇ ਨਾ ਤਾਂ ਜਾਨਵਰਾਂ ਤੇ ਨਾ ਪੰਛੀਆਂ ਦਾ ਸਾਥ ਦਿੱਤਾ, ਸਗੋਂ ਇਸ ਉਡੀਕ ਵਿਚ ਰਿਹਾ ਕਿ ਕਿਹੜੀ ਧਿਰ ਜਿੱਤਦੀ ਹੈ।

ਸ਼ੁਰੂ ਵਿਚ ਪੰਛੀ ਜਾਨਵਰਾਂ ਉਤੇ ਜੇਤੂ ਹੋਣ ਲੱਗੇ ਤਾਂ ਚਮਗਿੱਦੜ ਉਨ੍ਹਾਂ ਕੋਲ ਗਿਆ, ਉਨ੍ਹਾਂ ਨਾਲ ਉੱਡਦਾ ਰਿਹਾ ਤੇ ਆਪਣੇ-ਆਪ ਨੂੰ ਪੰਛੀ ਕਹਿੰਦਾ ਰਿਹਾ। ਪਰ ਬਾਅਦ ਵਿਚ ਜਦ ਜਾਨਵਰਾਂ ਦੀ ਜਿੱਤ ਹੋਣ ਲੱਗੀ ਤਾਂ ਚਮਗਿੱਦੜ ਉਨ੍ਹਾਂ ਨੂੰ ਜਾ ਮਿਲਿਆ। ਉਸ ਨੇ ਉਨ੍ਹਾਂ 
ਨੂੰ ਆਪਣੇ ਦੰਦ ਤੇ ਪੰਜੇ ਦਿਖਾਏ ਤੇ ਯਕੀਨ ਦੁਆਇਆ ਕਿ ਉਹ ਜਾਨਵਰ ਹੈ ਤੇ ਜਾਨਵਰਾਂ ਨੂੰ ਪਿਆਰ ਕਰਦਾ ਹੈ। ਅਖੀਰ 'ਚ ਪੰਛੀ ਜਿੱਤ ਗਏ ਤੇ ਚਮਗਿੱਦੜ ਫਿਰ ਉਨ੍ਹਾਂ ਕੋਲ ਜਾ ਪਹੁੰਚਾ। ਪਰ ਪੰਛੀਆਂ ਨੇ ਉਸ ਨੂੰ ਭਜਾ ਦਿੱਤਾ।

ਚਮਗਿੱਦੜ ਹੁਣ ਜਾਨਵਰਾਂ ਦੇ ਕੋਲ ਵੀ ਨਹੀਂ ਜਾ ਸਕਦਾ ਸੀ। ਉਦੋਂ ਤੋਂ ਚਮਗਿੱਦੜ ਤਹਿਖਾਨਿਆਂ ਅਤੇ ਰੁੱਖਾਂ ਦੀਆਂ ਖੋੜ੍ਹਾਂ ਵਿਚ ਰਹਿੰਦਾ ਹੈ, ਸਿਰਫ਼ ਸ਼ਾਮ ਨੂੰ ਹੀ ਬਾਹਰ ਨਿਕਲਦਾ ਹੈ ਅਤੇ ਨਾ ਉਹ ਜਾਨਵਰਾਂ ਤੇ ਨਾ ਪੰਛੀਆਂ ਨਾਲ ਰਹਿੰਦਾ ਹੈ।

# ਕੰਜੂਸ

ਕਿਸੇ ਕੰਜੂਸ ਆਦਮੀ ਨੇ ਰੁਪਿਆਂ ਦੀ ਤਜੌਰੀ ਭਰ ਲਈ, ਉਹਨੂੰ ਜ਼ਮੀਨ ਵਿਚ ਦਬਾ ਦਿੱਤਾ ਅਤੇ ਉਹ ਰੋਜ਼ ਚੋਰੀ-ਛਿਪੇ ਉਸ ਨੂੰ ਦੇਖਣ ਜਾਂਦਾ। ਉਸ ਦੇ ਨੌਕਰ ਨੇ ਉਸ ਨੂੰ ਅਜਿਹਾ ਕਰਦਿਆਂ ਦੇਖ ਲਿਆ ਅਤੇ ਰਾਤ ਨੂੰ ਉਥੇ ਜਾ ਕੇ ਤਜੌਰੀ ਚੋਰੀ ਕਰ ਲਈ। ਕੰਜੂਸ ਆਦਮੀ ਤਜੌਰੀ ਨੂੰ ਦੇਖਣ ਗਿਆ ਤੇ ਉਸ ਨੂੰ ਉਥੇ ਨਾ ਦੇਖ ਕੇ ਰੋਣ ਲੱਗਾ। ਗੁਆਂਢੀ ਨੇ ਉਸ ਨੂੰ ਰੋਂਦਿਆਂ ਦੇਖ ਕੇ ਕਿਹਾ :

"ਤੂੰ ਕਾਹਦੇ ਲਈ ਰੋਂਦਾ ਏਂ ? ਤੂੰ ਰੁਪਿਆਂ ਦੀ ਕੋਈ ਵਰਤੋਂ ਤਾਂ ਕਰਦਾ ਨਹੀਂ ਸੀ। ਹੁਣ ਉਸ ਟੋਏ ਨੂੰ ਦੇਖਣ ਜਾਂਦਾ ਰਹਿ ਜਿਥੇ ਤਜੌਰੀ ਵਿਚ ਰੁਪਏ ਦੱਬੇ ਹੋਏ ਸਨ। ਤੇਰੇ ਲਈ ਇਹ ਇਕ ਹੀ ਗੱਲ ਹੋਵੇਗੀ।"

# ਆਦਮੀ ਤੇ ਕੁੱਤਾ

ਇਕ ਕੁੱਤਾ ਖੂਹ ਵਿਚ ਡਿੱਗ ਪਿਆ। ਆਦਮੀ ਨੇ ਉਹਨੂੰ ਬਾਹਰ ਕੱਢਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਕੁੱਤੇ ਨੇ ਉਸ ਨੂੰ ਵੱਢ ਲਿਆ। ਆਦਮੀ ਨੇ ਉਸ ਨੂੰ ਖੂਹ ਵਿਚ ਮੁੜ ਸੁੱਟ ਦਿੱਤਾ ਤੇ ਕਿਹਾ :

"ਮੈਂ ਤੇਰੀ ਜਾਨ ਬਚਾਉਣੀ ਚਾਹੁੰਦਾ ਸੀ ਤੇ ਇਸ ਦੇ ਬਦਲੇ ਵਿਚ ਜੇ ਤੂੰ ਮੈਨੂੰ ਕੱਟ ਹੀ ਸਕਦਾ ਏਂ ਤਾਂ ਖੂਹ ਵਿਚ ਹੀ ਪਿਆ ਰਹਿ।"





# ਕੁੱਤਾ ਤੇ ਡੰਡਾ

ਇਕ ਕੁੱਤਾ ਮੁਰਗੀਆਂ ਦਾ ਪਿੱਛਾ ਕਰਨ ਲੱਗਾ। ਉਸ ਦੇ ਮਾਲਕ ਨੇ ਉਹਦੇ ਗਲੇ ਨਾਲ ਇਕ ਡੰਡਾ ਬੰਨ੍ਹ ਦਿੱਤਾ ਤਾਂ ਕਿ ਮੁਰਗੀਆਂ ਦਾ ਸ਼ਿਕਾਰ ਨਾ ਕਰ ਸਕੇ। ਫਿਰ ਕੁੱਤਾ ਸਾਰੇ ਵਿਹੜੇ ਵਿਚ ਇਹ ਡੰਡਾ ਦਿਖਾਉਂਦਾ ਤੇ ਸਾਰਿਆਂ ਨੂੰ ਕਹਿੰਦਾ ਫਿਰਦਾ ਰਿਹਾ :

"ਦੇਖੋ ਮੇਰਾ ਮਾਲਕ ਮੈਨੂੰ ਕਿੰਨਾ ਜ਼ਿਆਦਾ ਪਿਆਰ ਕਰਦਾ ਹੈ। ਦੂਜੇ ਕੁੱਤਿਆਂ ਤੋਂ ਮੈਨੂੰ ਅਲਗ ਕਰਨ ਲਈ ਉਹਦੇ ਗਲ਼ੇ ਨਾਲ ਡੰਡਾ ਬੰਨ੍ਹਿਆ ਹੋਇਆ ਹੈ।"

## ਚਰਵਾਹਾ

ਕਿਸੇ ਚਰਵਾਹੇ ਦੀ ਇਕ ਭੇਡ ਗੁੰਮ ਹੋ ਗਈ। ਉਹ ਲੱਭਦਾ ਰਿਹਾ, ਲੱਭਦਾ ਰਿਹਾ, ਪਰ ਭੇਡ ਉਹਨੂੰ ਕਿਤੇ ਨਾ ਮਿਲੀ। ਉਹ ਪ੍ਰਾਰਥਨਾ ਕਰਨ ਲੱਗਾ ਤੇ ਉਸ ਨੇ ਭਗਵਾਨ ਨੂੰ ਇਹ ਵਚਨ ਦਿੱਤਾ ਕਿ "ਜੇ ਉਸ ਨੂੰ ਚੋਰ ਮਿਲ ਗਏ ਤਾਂ ਉਹ ਗਿਰਜੇ ਵਿਚ ਜਾ ਕੇ ਦਸ ਕੋਪੇਕ ਦੀ ਮੋਮਬੱਤੀ ਜਲਾਵੇਗਾ। ਅਗਲੇ ਦਿਨ ਉਹ ਜੰਗਲ ਵਿਚ ਗਿਆ ਅਤੇ ਉਥੇ ਉਸ ਨੂੰ ਭੇੜੀਏ ਦਿਖਾਈ ਦਿੱਤੇ। ਉਹ ਉਹਦੀ ਭੇਡ ਦਾ ਬਚਿਆ-ਬਚਾਇਆ ਮਾਸ ਖਾ ਰਹੇ ਸਨ। ਚੋਰ

ਤਾਂ ਹੁਣ ਉਹਦੇ ਸਾਹਮਣੇ ਸਨ। ਪਰ ਜਿਵੇਂ ਹੀ ਭੇੜੀਏ ਉਸ ਉਤੇ ਝਪਟੇ, ਉਵੇਂ ਹੀ ਰੱਬ ਦਾ ਨਾਂ ਜਪਦਾ ਹੋਇਆ ਇਹ ਵਚਨ ਦੇਣ ਲੱਗਾ ਕਿ ਜੇ ਭੇੜੀਏ ਉਹਦੀ ਜਾਨ ਨਹੀਂ ਲੈਣਗੇ ਤਾਂ ਉਹ ਗਿਰਜੇ ਵਿਚ ਜਾ ਕੇ ਇਕ ਰੂਬਲ ਦੀ ਮੋਮਬੱਤੀ ਜਗਾਵੇਗਾ।"

# ਸੁੱਕੇ ਘਾਹ ਉਤੇ ਕੁੱਤਾ

ਇਕ ਕੁੱਤਾ ਬਾਹਰ ਹਟਵੇਂ ਥਾਂ ਸੁੱਕੇ ਘਾਹ ਉਤੇ ਲੇਟਿਆ ਹੋਇਆ ਸੀ। ਇਕ ਗਾਂ ਦਾ ਘਾਹ ਖਾਣ ਨੂੰ ਮਨ ਹੋਇਆ। ਉਹ ਬਾਹਰ ਹਟਵੇਂ ਥਾਂ ਉਤੇ ਗਈ, ਉਸ ਨੇ ਸੁੱਕੇ ਘਾਹ ਦੇ ਢੇਰ ਕੋਲ ਜਾ ਕੇ ਆਪਣਾ ਸਿਰ ਵਾੜ ਦਿੱਤਾ ਅਤੇ ਜਿਉਂ ਹੀ ਮੂੰਹ ਵਿਚ ਘਾਹ ਭਰਿਆ, ਨਾਲ ਹੀ ਕੁੱਤਾ ਭੌਂਕਦਾ ਹੋਇਆ ਉਸ 'ਤੇ ਝਪਟਿਆ। ਗਾਂ ਉਥੋਂ ਦੂਰ ਚਲੇ ਗਈ ਤੇ ਬੋਲੀ :

"ਨਾ ਤੂੰ ਘਾਹ ਖਾਂਦਾ ਏਂ ਤੇ ਨਾ ਹੀ ਮੈਨੂੰ ਖਾਣ ਦਿੰਦਾ ਏਂ।"

# ਭੇੜੀਆ ਤੇ ਹੱਡੀ

ਇਕ ਭੇੜੀਆ ਮੂੰਹ ਵਿਚ ਹੱਡੀ ਲਈ ਜਾ ਰਿਹਾ ਸੀ। ਕੁਝ ਕਤੂਰੇ ਭੌਂਕਦੇ ਹੋਏ ਉਹਦਾ ਪਿੱਛਾ ਕਰਨ ਲੱਗੇ। ਭੇੜੀਆ ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਸਕਦਾ ਸੀ, ਪਰ ਉਹ ਆਪਣਾ ਮੂੰਹ ਖੋਲ੍ਹਣਾ ਤੇ ਹੱਡੀ ਨੂੰ ਭੁੰਜੇ ਨਹੀਂ ਸੁੱਟਣਾ ਚਾਹੁੰਦਾ ਸੀ। ਇਸ ਲਈ ਉਹ ਕਤੂਰਿਆਂ ਤੋਂ ਦੂਰ ਭੱਜ ਗਿਆ।

# ਕੁੱਤਾ ਤੇ ਚੋਰ

ਰਾਤ ਵੇਲੇ ਇਕ ਚੋਰ ਕਿਸੇ ਦੇ ਵਿਹੜੇ ਵਿਚ ਜਾ ਵੜਿਆ। ਕੁੱਤਾ ਉਹਦੀ ਬਿੜਕ ਸੁਣ ਕੇ ਭੌਂਕਣ ਲੱਗਾ। ਚੋਰ ਨੇ ਰੋਟੀ ਦਾ ਟੁਕੜਾ ਕੱਢ ਕੇ ਕੁੱਤੇ ਦੇ ਸਾਹਮਣੇ ਸੁੱਟਿਆ। ਕੁੱਤੇ ਨੇ ਰੋਟੀ ਵੱਲ ਧਿਆਨ ਨਾ ਦਿੱਤਾ। ਚੋਰ ਉਤੇ ਝਪਟਿਆ ਤੇ ਉਹਦੀ ਲੱਤ ਨੂੰ ਵੱਢਣ ਲੱਗਾ।

"ਓਏ, ਤੂੰ ਕਾਹਦੇ ਲਈ ਮੈਨੂੰ ਕੱਟ ਰਿਹੈਂ ? ਮੈਂ ਤਾਂ ਤੈਨੂੰ ਰੋਟੀ ਦੇ ਰਿਹਾਂ," ਚੋਰ ਨੇ ਕਿਹਾ।

"ਇਸ ਲਈ ਵੱਢ ਰਿਹਾਂ ਕਿ ਜਦ ਤਕ ਤੂੰ ਮੇਰੇ ਸਾਹਮਣੇ ਰੋਟੀ ਨਹੀਂ ਸੁਟੀ ਸੀ, ਮੈਨੂੰ ਇਹ ਨਹੀਂ ਪਤਾ ਸੀ ਕਿ ਤੂੰ ਚੰਗਾ ਜਾਂ ਮਾੜਾ ਆਦਮੀ ਏਂ। ਪਰ ਹੁਣ ਜਦ ਤੂੰ ਮੈਨੂੰ ਰਿਸ਼ਵਤ ਦੇਣਾ ਚਾਹੁੰਦਾ ਏਂ ਤਾਂ ਮੈਂ ਯਕੀਨੀ ਤੌਰ 'ਤੇ ਜਾਣਦਾ ਹਾਂ ਕਿ ਤੂੰ ਬੁਰਾ ਆਦਮੀ ਏਂ"।

# ਭੇੜੀਆ ਤੇ ਘੋੜੀ



ਕਿਸੇ ਭੇੜੀਏ ਨੇ ਇਕ ਵਛੇਰੇ ਨੂੰ ਖਾਣਾ ਚਾਹਿਆ। ਉਹ ਘੋੜਿਆਂ ਦੇ ਝੁੰਡ ਕੋਲ ਗਿਆ ਤੇ ਬੋਲਿਆ :

"ਕੀ ਗੱਲ ਏ ਤੁਹਾਡਾ ਇਕ ਵਛੇਰਾ ਲੰਗੜਾਉਂਦਾ ਏ ? ਸ਼ਾਇਦ ਤੁਹਾਨੂੰ ਉਹਦਾ ਇਲਾਜ ਕਰਨਾ ਨਹੀਂ ਆਉਂਦਾ ? ਅਸੀਂ ਭੇੜੀਆਂ ਦੇ ਕੋਲ ਇਕ ਅਜਿਹੀ ਦਵਾਈ ਹੈ ਕਿ ਕਦੀ ਕੋਈ ਲੰਗੜਾਏਗਾ ਹੀ ਨਹੀਂ।"

ਇਕ ਘੋੜੀ ਨੇ ਪੁੱਛਿਆ :

"ਤੇ ਤੂੰ ਇਹਦਾ ਇਲਾਜ ਕਰਨਾ ਜਾਣਦਾ ਏਂ ?"

"ਹਾਂ ਜਾਣਦਾ ਹਾਂ।"

"ਜ਼ਰਾ ਮੇਰੀ ਪਿਛਲੀ ਲੱਤ ਦਾ ਇਲਾਜ ਕਰ ਦੇ, ਮੇਰੇ ਸੁੰਮ ਵਿਚ ਦਰਦ ਹੋ ਰਿਹਾ ਹੈ।"

ਭੇੜੀਆ ਘੋੜੀ ਦੇ ਕੋਲ ਗਿਆ ਤੇ ਜਿਵੇਂ ਹੀ ਉਹਦੀ ਪਿਛਲੀ ਲੱਤ ਦੇ ਕੋਲ ਗਿਆ, ਤਿਵੇਂ ਹੀ ਉਸ ਨੇ ਇੰਨੇ ਜ਼ੋਰ ਨਾਲ ਉਹਨੂੰ ਦੁਲੱਤੀ ਮਾਰੀ ਕਿ ਉਹਦੇ ਸਾਰੇ ਦੰਦ ਟੁੱਟ ਗਏ।



# ਲੂੰਬੜੀ ਤੇ ਭੇੜੀਆ

ਕਿਸੇ ਲੂੰਬੜੀ ਨੇ ਭੇੜੀਏ ਨੂੰ ਆਪਣੇ ਦੰਦ ਤਿੱਖੇ ਕਰਦਿਆਂ ਦੇਖਿਆ। ਲੂੰਬੜੀ ਨੇ ਪੁੱਛਿਆ :

"ਤੂੰ ਕਾਹਦੇ ਵਾਸਤੇ ਦੰਦ ਤਿੱਖੇ ਕਰ ਰਿਹੈਂ ? ਲੜਨ ਨੂੰ ਤਾਂ ਸਾਹਮਣੇ ਕੋਈ ਨਹੀਂ ਹੈ।"

ਭੇੜੀਏ ਨੇ ਜਵਾਬ ਦਿੱਤਾ :

"ਜਦ ਤਕ ਲੜਨ ਨੂੰ ਕੋਈ ਨਹੀਂ ਹੈ, ਤਦ ਤਕ ਹੀ ਆਪਣੇ ਦੰਦ ਤਿੱਖੇ ਕਰ ਸਕਦਾ ਹਾਂ। ਲੜਨ ਵੇਲੇ ਦੰਦ ਤਿੱਖੇ ਕਰਨ ਦੀ ਫੁਰਸਤ ਹੀ ਕਿੱਥੋਂ ਹੋਵੇਗੀ।"

# ਹਿਰਨ ਤੇ ਘੋੜਾ

ਇਕ ਹਿਰਨ ਨੇ ਸਿੰਗ ਮਾਰ-ਮਾਰ ਕੇ ਘੋੜੇ ਨੂੰ ਮੈਦਾਨ 'ਚੋਂ 
ਕੱਢ ਦਿੱਤਾ। ਘੋੜਾ ਆਦਮੀ ਦੇ ਕੋਲ ਗਿਆ ਤੇ ਉਸ ਨੇ ਉਹਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਮਦਦ ਕਰੇ। ਆਦਮੀ ਨੇ ਉਹਦੀ ਮਦਦ ਕੀਤੀ, ਹਿਰਨ ਨੂੰ ਭਜਾ ਦਿੱਤਾ, ਪਰ ਨਾਲ ਹੀ ਘੋੜੇ ਨੂੰ ਲਗਾਮ ਪਾ ਕੇ ਉਸ ਉਤੇ ਕਾਠੀ ਕੱਸ ਲਈ। ਹਿਰਨ ਨੂੰ ਭਜਾਉਣ 'ਤੇ ਘੋੜੇ ਨੇ ਕਿਹਾ :

"ਮੈਂ ਤੇਰਾ ਧੰਨਵਾਦ ਕਰਦਾ ਹਾਂ, ਇਨਸਾਨ ! ਹੁਣ ਤੂੰ ਮੈਨੂੰ ਛੱਡ ਦੇ।"

ਪਰ ਇਨਸਾਨ ਨੇ ਜਵਾਬ ਦਿੱਤਾ :

"ਨਹੀਂ, ਮੈਂ ਤੈਨੂੰ ਨਹੀਂ ਛੱਡਾਂਗਾ। ਹੁਣ ਤਾਂ ਮੈਂ ਇਹ ਜਾਣ ਗਿਆ ਹਾਂ ਕਿ ਤੂੰ ਮੇਰੇ ਕਿੰਨਾ ਜ਼ਿਆਦਾ ਕੰਮ ਆ ਸਕਦਾ ਏਂ।"

ਤੇ ਉਹਨੇ ਘੋੜੇ ਨੂੰ ਨਹੀਂ ਛੱਡਿਆ।

# ਦੋ ਡੱਡੂ

ਗਰਮੀ ਨਾਲ ਸਾਰੇ ਛੱਪੜ ਤੇ ਦਲਦਲ ਸੁੱਕ ਗਏ। ਦੋ ਡੱਡੂ ਪਾਣੀ ਦੀ ਭਾਲ ਵਿਚ ਗਏ, ਛੜੱਪੇ ਮਾਰ ਕੇ ਖੂਹ ਦੀ ਮੌਣ ਉਤੇ ਬੈਠ ਗਏ ਤੇ ਸੋਚਣ ਲੱਗੇ ਕਿ ਖੂਹ ਵਿਚ ਛਾਲ ਮਾਰਨ ਕਿ ਨਾ। ਜਵਾਨ ਡੱਡੂ ਨੇ ਕਿਹਾ :

"ਸਾਨੂੰ ਛਾਲ ਮਾਰ ਦੇਣੀ ਚਾਹੀਦੀ ਹੈ। ਉਥੇ ਪਾਣੀ ਬਹੁਤ ਹੈ ਅਤੇ ਉਥੇ ਸਾਨੂੰ ਕੋਈ ਪਰੇਸ਼ਾਨ ਵੀ ਨਹੀਂ ਕਰੇਗਾ।"

ਪਰ ਦੂਜੇ ਡੱਡੂ ਨੇ ਕਿਹਾ :

"ਨਹੀਂ, ਸਾਨੂੰ ਕੁੱਦਣਾ ਨਹੀਂ ਚਾਹੀਦਾ। ਪਾਣੀ ਤਾਂ ਸ਼ਾਇਦ ਉਥੇ ਬਹੁਤ ਹੈ, ਪਰ ਜੇ ਖੂਹ ਸੁੱਕ ਗਿਆ ਤਾਂ ਅਸੀਂ ਉਥੋਂ ਬਾਹਰ ਨਹੀਂ ਨਿਕਲ ਸਕਾਂਗੇ।"

# ਮਾਦਾ-ਭੇੜੀਆ ਤੇ ਸੂਰ

ਇਕ ਮਾਦਾ-ਭੇੜੀਆ ਨੇ ਸੂਰ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਆਪਣੇ ਉਥੇ ਰਾਤ ਬਿਤਾ ਲੈਣ ਦੇਵੇ। ਸੂਰ ਨੇ ਉਸ ਨੂੰ ਅਜਿਹਾ ਕਰਨ ਦਿੱਤਾ। ਉਸੇ ਰਾਤ ਮਾਦਾ-ਭੇੜੀਆ ਸੂ ਪਈ। ਕੁਝ ਸਮੇਂ ਬਾਅਦ ਸੂਰ ਨੇ ਆਪਣੀ ਥਾਂ ਖਾਲੀ ਕਰਨ ਨੂੰ ਕਿਹਾ।

"ਤੂੰ ਦੇਖ ਹੀ ਰਿਹੈਂ ਕਿ ਬੱਚੇ ਛੋਟੇ ਹਨ, ਥੋੜ੍ਹਾ ਇੰਤਜ਼ਾਰ ਕਰੋ," ਮਾਦਾ-ਭੇੜੀਆ ਨੇ ਜਵਾਬ 'ਚ ਕਿਹਾ।

ਸੂਰ ਨੇ ਸੋਚਿਆ, "ਠੀਕ ਹੈ, ਮੈਂ ਥੋੜ੍ਹਾ ਇੰਤਜ਼ਾਰ ਕਰ ਲੈਂਦਾ ਹਾਂ।"

ਗਰਮੀ ਬੀਤ ਗਈ, ਸੂਰ ਆਪਣੀ ਜਗ੍ਹਾ ਖਾਲੀ ਕਰਨ ਨੂੰ ਕਹਿਣ ਲੱਗਾ। ਮਾਦਾ-ਭੇੜੀਆ ਨੇ ਜਵਾਬ ਦਿੱਤਾ :

"ਤੂੰ ਸਾਨੂੰ ਛੋਹਣ ਤਕ ਦੀ ਹਿੰਮਤ ਤਾਂ ਕਰਕੇ ਦੇਖ। ਅਸੀਂ ਛੇ ਹਾਂ, ਤੇਰੇ ਟੁਕੜੇ-ਟੁਕੜੇ ਕਰ ਦਿਆਂਗੇ।"

# ਸਾਨ੍ਹ ਤੇ ਡੱਡ

ਇਕ ਸਾਨ੍ਹ ਝੀਲ ਕੋਲ ਗਿਆ। ਉਥੇ ਡੱਡੂ-ਡੱਡਾਂ ਸਨ। ਇਕ ਡੱਡ ਨੂੰ ਤਾਂ ਉਸ ਨੇ ਕੁਚਲ ਵੀ ਦਿੱਤਾ ਤੇ ਬਾਕੀ ਪਾਣੀ ਵਿਚ ਚਲੇ ਗਏ। ਇਕ ਡੱਡ ਦਾ ਬੱਚਾ ਮਾਂ ਕੋਲ ਗਿਆ ਤੇ ਕਿਹਾ :

"ਓਹ, ਮਾਂ ਕਿੰਨਾ ਵੱਡਾ ਜਾਨਵਰ ਦੇਖਿਆ ਹੈ, ਮੇਰੇ—ਦਿਲ ਵਿਚ ਦਹਿਸ਼ਤ ਪੈਦਾ ਕਰਦਾ ਹੈ।"



"ਕੀ ਮੇਰੇ ਤੋਂ ਵੱਡਾ ਹੈ ?" ਮਾਂ ਨੇ ਪੁੱਛਿਆ।

"ਕਿਤੇ ਵੱਡਾ।"

ਬੁੱਢੀ ਡੱਡ ਨੇ ਆਪਣੇ ਨੂੰ ਫੁਲਾਅ ਲਿਆ ਤੇ ਪੁੱਛਿਆ :

"ਕੀ ਉਹ ਅਜੇ ਵੀ ਮੇਰੇ ਤੋਂ ਵੱਡਾ ਹੈ ?"

"ਹਾਂ, ਉਹ ਵੱਡਾ ਹੈ।"

ਡੱਡ ਨੇ ਆਪਣੇ ਨੂੰ ਹੋਰ ਫੁਲਾਅ ਲਿਆ।

"ਕੀ ਉਹ ਹੁਣ ਵੀ ਮੇਰੇ ਨਾਲੋਂ ਵੱਡਾ ਹੈ ?"

"ਹਾਂ, ਵੱਡਾ ਹੈ। ਆਪਣੇ ਨੂੰ ਫੁਲਾਅ ਕੇ ਬੇਸ਼ੱਕ ਫਟ ਜਾਓ, ਪਰ ਸਾਨ੍ਹ ਦੇ ਬਰਾਬਰ ਨਹੀਂ ਹੋ ਸਕੇਂਗੀ।"

ਬੁੱਢੀ ਡੱਡ ਨੇ ਪੂਰਾ ਜ਼ੋਰ ਲਗਾ ਕੇ ਆਪਣੇ ਨੂੰ ਫੁਲਾਇਆ ਤੇ ਫਟ ਗਈ।

# ਜ਼ਾਰ ਲਈ ਪ੍ਰਾਰਥਨਾ ਕਰਨ ਵਾਲੇ ਡੱਡੂ

ਡੱਡੂ ਆਪਸ ਵਿਚ ਲੜਨ-ਝਗੜਨ ਲੱਗੇ, ਪਰ ਉਨ੍ਹਾਂ ਦਾ ਫੈਸਲਾ ਕਰਾਉਣ ਵਾਲਾ ਕੋਈ ਨਹੀਂ ਸੀ। ਉਹ ਰੱਬ ਅੱਗੇ ਅਰਦਾਸ ਕਰਨ ਲੱਗੇ ਕਿ ਉਹ ਉਨ੍ਹਾਂ ਨੂੰ ਜ਼ਾਰ ਦੇਵੇ। ਉਸੇ ਵੇਲੇ ਕੀ ਹੋਇਆ ਕਿ ਇਕ ਟਹਿਣੀ ਟੁੱਟ ਕੇ ਪਾਣੀ ਵਿਚ ਆ ਡਿੱਗੀ।

"ਇਹ ਆ ਗਿਆ ਸਾਡੇ ਲਈ ਜ਼ਾਰ," ਡੱਡੂਆਂ ਨੇ ਕਿਹਾ ਤੇ 
ਡਰ ਕੇ ਉਥੋਂ ਭੱਜ ਗਏ। ਪਰ ਟਹਿਣੀ ਚਿੱਕੜ ਵਿਚ ਜਿਸ ਤਰ੍ਹਾਂ ਆ ਡਿੱਗੀ ਸੀ, ਓਸੇ ਤਰ੍ਹਾਂ ਪਈ ਹੋਈ ਸੀ। ਡੱਡੂਆਂ ਦੀ ਹਿੰਮਤ ਵਧੀ, ਉਹ ਡਰਦੇ ਹੋਏ ਛੜੱਪੇ ਮਾਰਦੇ ਹੋਏ ਟਹਿਣੀ ਕੋਲ ਗਏ। ਟਹਿਣੀ ਬਿਨਾਂ ਹਿੱਲੇ-ਡੁੱਲੇ ਓਸੇ ਤਰ੍ਹਾਂ ਪਈ ਸੀ। ਡੱਡੂਆਂ ਨੇ ਦੇਖਿਆ ਕਿ ਉਨ੍ਹਾਂ ਦਾ ਜ਼ਾਰ ਬਹੁਤ ਸ਼ਾਂਤ ਹੈ, ਉਨ੍ਹਾਂ ਦੇ ਝਗੜੇ ਦਾ ਕੋਈ ਫ਼ੈਸਲਾ ਨਹੀਂ ਕਰਦਾ ਹੈ ਤੇ ਉਹ ਮੁੜ ਜ਼ਾਰ ਲਈ ਪ੍ਰਾਰਥਨਾ ਕਰਨ ਲੱਗੇ। ਸੰਯੋਗ ਨਾਲ ਉਸੇ ਵਕਤ ਇਕ ਬਗਲਾ ਝੀਲ ਦੇ ਤੱਟ ਉਤੇ ਬੈਠ ਗਿਆ। ਡੱਡੂ ਖ਼ੁਸ਼ ਹੋ ਕੇ ਕਹਿਣ ਲੱਗੇ, "ਇਹ ਅਸਲੀ ਜਿਊਂਦਾ-ਜਾਗਦਾ ਜ਼ਾਰ ਆ ਗਿਆ ਹੈ। ਇਹ ਸਾਡਾ ਫ਼ੈਸਲਾ ਕਰ ਦੇਵੇਗਾ।"

ਪਰ ਜਿਵੇਂ ਹੀ ਬਗਲਾ ਇਕ-ਇਕ ਡੱਡੂ ਨੂੰ ਫੜ ਕੇ ਖਾਣ ਲੱਗਾ, ਤਿਵੇਂ ਹੀ ਉਨ੍ਹਾਂ ਨੂੰ ਆਪਣੇ ਪਹਿਲੇ, ਸ਼ਾਂਤ ਜ਼ਾਰ ਦੇ ਬਾਰੇ ਅਫ਼ਸੋਸ ਹੋਣ ਲੱਗਾ।

# ਦੁਕਾਨਦਾਰ ਤੇ ਚੋਰ



ਦੋ ਆਦਮੀ ਦੁਪੱਟੇ ਖਰੀਦਣ ਇਕ ਦੁਕਾਨ 'ਤੇ ਗਏ। ਦੁਕਾਨ-ਦਾਰ ਨੇ ਆਪਣਾ ਮਾਲ ਦੇਖਣ ਲਈ ਮੂੰਹ ਫੇਰਿਆ ਤੇ ਜਦੋਂ ਮੁੜ ਕੇ ਗਾਹਕਾਂ ਵਲ ਦੇਖਿਆ ਤਾਂ ਇਕ ਦੁਪੱਟਾ ਗਾਇਬ ਸੀ। ਦੁਕਾਨ-ਦਾਰ ਨੇ ਉਨ੍ਹਾਂ ਦੋਹਾਂ ਜਣਿਆਂ ਨੂੰ ਰੋਕ ਕੇ ਕਿਹਾ :

"ਤੁਹਾਡੇ ਵਿਚੋਂ ਇਕ ਨੇ ਦੁਪੱਟਾ ਲੈ ਲਿਆ ਹੈ।"

ਇਕ ਜਣੇ ਨੇ ਰੱਬ ਦੀ ਸਹੁੰ ਖਾ ਕੇ ਕਿਹਾ ਕਿ ਉਹਦੇ ਕੋਲ ਦੁਪੱਟਾ ਨਹੀਂ ਹੈ ਤੇ ਦੂਜੇ ਨੇ ਕਸਮ ਖਾ ਕੇ ਕਿਹਾ ਕਿ ਉਸ ਨੇ ਦੁਪੱਟਾ ਨਹੀਂ ਲਿਆ ਹੈ, ਫਿਰ ਦੁਕਾਨਦਾਰ ਬੋਲਿਆ :

"ਤੁਸੀਂ ਦੋਵੇਂ ਹੀ ਚੋਰ ਹੋ।"

ਦੁਕਾਨਦਾਰ ਨੇ ਅੰਦਾਜ਼ਾ ਲਾਇਆ ਇਕ ਨੇ ਦੁਪੱਟਾ ਚੁੱਕ ਕੇ ਦੂਸਰੇ ਨੂੰ ਦੇ ਦਿੱਤਾ ਹੈ ਅਤੇ ਉਸ ਚੋਰ ਦੀ ਤਲਾਸ਼ੀ ਲਈ ਜਿਸ ਨੇ ਕਸਮ ਖਾ ਕੇ ਇਹ ਕਿਹਾ ਸੀ ਕਿ ਉਸ ਨੇ ਦੁਪੱਟਾ ਨਹੀਂ ਲਿਆ ਹੈ। ਦੁਕਾਨਦਾਰ ਨੂੰ ਉਸ ਤੋਂ ਦੁਪੱਟਾ ਮਿਲ ਗਿਆ ਤੇ ਉਹ ਦੋਹਾਂ ਚੋਰਾਂ ਨੂੰ ਥਾਣੇ ਲੈ ਗਿਆ।

# ਸੂਰਜ ਦੇ ਹਵਾ

ਇਕ ਵਾਰ ਸੂਰਜ ਤੇ ਹਵਾ ਵਿਚਾਲੇ ਇਹ ਬਹਿਸ ਹੋ ਗਈ ਕਿ ਕੌਣ ਉਨ੍ਹਾਂ ਵਿਚੋਂ ਇਕ ਆਦਮੀ ਦੇ ਕਪੜੇ ਉਤਾਰਨ ਵਿਚ ਸਫ਼ਲ ਹੋਵੇਗਾ। ਹਵਾ ਨੇ ਆਪਣਾ ਜ਼ੋਰ ਅਜ਼ਮਾਉਣਾ ਸ਼ੁਰੂ ਕੀਤਾ। ਉਹ ਆਦਮੀ ਦੇ ਕੱਪੜੇ ਤੇ ਟੋਪੀ ਨੂੰ ਉਡਾਉਣ ਲੱਗੀ। ਪਰ ਆਦਮੀ ਨੇ ਤਾਂ ਆਪਣੀ ਟੋਪੀ ਨੂੰ ਹੋਰ ਵੀ ਜ਼ਿਆਦਾ ਹੇਠਾਂ ਕਰ ਲਿਆ ਤੇ ਪੋਸ਼ਾਕ ਦੇ ਬਟਨ ਬੰਦ ਕਰ ਲਏ। ਇਸ ਤਰ੍ਹਾਂ ਹਵਾ ਨੂੰ ਕਾਮਯਾਬੀ ਨਾ ਮਿਲੀ। ਫਿਰ ਸੂਰਜ ਕੋਸ਼ਿਸ਼ ਕਰਨ ਲੱਗਾ। ਉਸ ਨੇ ਧੁੱਪ ਨੂੰ ਤੇਜ਼ ਕੀਤਾ ਤਾਂ ਆਦਮੀ ਨੇ ਪੋਸ਼ਾਕ ਦੇ ਸਾਰੇ ਬਟਨ ਖੋਲ੍ਹ ਦਿੱਤੇ ਅਤੇ ਟੋਪੀ ਪਿਛਾਂਹ ਨੂੰ ਕਰ ਲਈ। ਧੁੱਪ ਦੇ ਕੁਝ ਹੋਰ ਤੇਜ਼ ਹੋਣ 'ਤੇ ਗਰਮੀ ਵਧਣ ਨਾਲ ਉਸ ਆਦਮੀ ਨੇ ਟੋਪੀ ਤੇ ਕਪੜੇ ਉਤਾਰ ਲਏ।